# ਕੈਨੇਡਾ ਦਰਪਣ

ਅਪ੍ਰੈਲ 25, 1986

**April 25, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending April 25, 1986 Vol. 5 No. 16 Price 35¢ Out of Greater Vancouver 50¢ Ph. (604)581-4473

## ਸੰਖੇਪ ਪਰ ਵਿਸ਼ੇਸ਼

- ਅਮਰੀਕੀ ਹਮਲੇ ਦੀ ਨਿਖੇਧੀ — ਲੰਡਨ ਵਿਚ ਮੁਜ਼ਾਹਰਾ
- ਰੋਮ ਵਿਚ 10,000 ਤੋਂ ਵੱਧ ਲੋਕਾਂ ਅਮਰੀਕਾ ਦੁਆਰਾ ਲਿਬੀਆ ਵਿਰੁਧ ਕੀਤੇ ਹਮਲੇ ਦੇ ਰੋਸ ਵਜੋਂ ਜਲੂਸ ਕੱਢਿਆ।
- ਹਾਲੈਂਡ ਅਤੇ ਜਰਮਨੀ ਵਿਚ ਅਮਰੀਕੀ ਝੰਡਾ ਸਾੜਿਆ ਗਿਆ।
- ਮੇਅਰ ਮਾਈਕ ਹਾਰਕੋਰਟ ਨੇ ਅਮਰੀਕੀ ਸਮੁੰਦਰੀ ਬੇੜੇ ਦੇ ਜਹਾਜ਼ਾਂ ਦੁਆਰਾ ਆਉਣ ਦਾ ਵਿਰੋਧ ਕੀਤਾ ਜਦੋਂ ਕਿ ਵੈਨਕੂਵਰ ਸਾਲਾਨਾ ਅਮਨ-ਮਾਰਚ ਅਗਲੇ ਹਫਤੇ ਹੋਣ ਜਾ ਰਿਹਾ ਹੈ।
- ਵੈਨਕੂਵਰ ਵਿਚ ਫੂਡ ਬੈਂਕ ਬੰਦ
- ਅਮਰੀਕੀ ਫੌਜੀ ਅੱਡੇ ਨੇੜੇ ਜਾਪਾਨ ਵਿਚ ਰਾਕਟ ਲਾਂਚਰ ਦਾ ਵਿਸਫੋਟ

# ਅਮਰੀਕੀ ਸਾਮਰਾਜ ਦਾ ਚਿਹਰਾ ਬੇਨਕਾਬ

# ਲਿਬੀਆ ਉਤੇ ਹਮਲਾ - 100 ਤੋਂ ਵੱਧ ਬੇਦੋਸ਼ੇ ਭੁੰਨ ਸੁੱਟੇ

## ਸੰਸਾਰ ਦੇ ਸਾਰੇ ਦੇਸ਼ਾਂ ਵੱਲੋਂ ਅਮਰੀਕਾ ਦੀ ਨਿਖੇਧੀ

ਟ੍ਰਿਪਲੀ (ਲਿਬੀਆ) — ਸੋਮਵਾਰ ਅਮਰੀਕਨ ਸਰਕਾਰ ਦੇ ਛੇਵੇਂ ਬੇੜੇ ਅਤੇ ਇਗਲੈਂਡ ਤੋਂ ਚੱਲੇ 33 ਬੰਬਾਰ ਜਹਾਜ਼ਾਂ ਨੇ ਲਿਬੀਆ ਦੀ ਰਾਜਧਾਨੀ ਟ੍ਰਿਪਲੀ ਉਤੇ ਤਿੰਨ ਘੰਟੇ ਅੰਧਾਧੁੰਧ ਬੰਬਾਰੀ ਕਰਕੇ 100 ਤੋਂ ਵੱਧ ਲੋਕ ਮਾਰ ਦਿਤੇ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਹਸਪਤਾਲਾਂ ਵਿਚ ਜ਼ਖਮੀ ਹਾਲਤ ਵਿਚ ਪਹੁੰਚੇ। ਇਹ ਹਮਲਾ ਤੜਕੇ 2 ਵਜੇ ਕੀਤਾ ਗਿਆ ਜਦ ਲੋਕ ਗੂੜ੍ਹੀ ਨੀਂਦ ਵਿਚ ਸੁੱਤੇ ਹੋਏ ਸਨ।

ਖਬਰਾਂ ਅਨੁਸਾਰ ਅਮਰੀਕਨ ਫੌਜੀਆਂ ਨੇ ਅੰਧਾਧੁੰਧ ਬੰਬ ਸੁੱਟੇ ਜਿਸ ਨਾਲ ਜਪਾਨੀ ਅਤੇ ਫਰਾਂਸੀਸੀ ਦੂਤਘਰ ਵੀ ਤਬਾਹੀ ਤੋਂ ਨਾ ਬਚੇ।

### ਖਦਾਫੀ ਦੀ ਰਿਹਾਇਸ਼ ਉਤੇ ਹਮਲਾ

ਖਬਰਾਂ ਅਨੁਸਾਰ ਲਿਬੀਆ ਦੇ ਪ੍ਰਧਾਨ ਕਰਨਲ ਮੁਅੰਮਰ ਖਦਾਫੀ ਦੀ ਰਿਹਾਇਸ਼ ਉਤੇ ਵੀ ਬੰਬ ਸੁੱਟੇ ਗਏ ਜਿਸ ਨਾਲ ਉਸਦੇ ਦੋ ਛੋਟੇ ਪੁੱਤਰ ਜ਼ਖਮੀ ਹੋ ਗਏ ਅਤੇ ਉਸਦੀ ਲੜਕੀ ਜੋ 15 ਮਹੀਨੇ ਦੀ ਸੀ, ਮਾਰੀ ਗਈ।

### ਲਿਬੀਆ ਵਲੋਂ ਜਵਾਬੀ ਹਮਲਿਆਂ ਦੀ ਸੰਭਾਵਨਾ

ਲਿਬੀਆ ਸਰਕਾਰ ਨੇ ਬਾਕੀ ਦੀਆਂ ਅਰਬ ਸਰਕਾਰਾਂ ਨੂੰ ਬੇਨਤੀ ਕੀਤੀ ਹੈ ਕਿ ਅਮਰੀਕਾ ਦੀ ਦਹਿਸ਼ਤਗਰਦੀ ਵਿਰੁੱਧ ਸਖਤ ਕਦਮ ਚੁਕੇ ਜਾਣ। ਅਰਬ ਲੀਗ ਨੇ ਆਪਣੀ ਐਮਰਜੈਂਸੀ ਮੀਟਿੰਗ ਬੁਲਾ ਲਈ ਹੈ ਅਤੇ ਉਸ ਵਿਚ ਫੈਸਲਾ ਕੀਤਾ ਜਾਵੇਗਾ ਕਿ ਅਮਰੀਕਾ ਦੀ ਸਰਕਾਰ ਵਿਰੁੱਧ ਕੀ ਕਦਮ ਚੁੱਕੇ ਜਾਣ।

### ਸੰਸਾਰ ਦੇ ਸਾਰੇ ਦੇਸ਼ਾਂ ਵਲੋਂ ਅਮਰੀਕਾ ਦੀ ਨਿਖੇਧੀ

ਬਰਤਾਨੀਆ ਅਤੇ ਇਜ਼ਰਾਈਲ ਨੂੰ ਛੱਡਕੇ ਦੁਨੀਆਂ ਦੇ ਸਾਰੇ ਮੁਲਕਾਂ ਨੇ ਅਮਰੀਕਾ ਦੀ ਦਹਿਸ਼ਤਪਸੰਦੀ ਦੀ ਨਿਖੇਧੀ ਕੀਤੀ ਹੈ। ਅਰਬ ਦੇ ਸਾਰੇ ਦੇਸ਼ਾਂ — ਇਥੋਂ ਤੱਕ ਕਿ ਅਮਰੀਕਾ ਦੇ ਸਭ ਤੋਂ ਨੇੜਲੀ ਸਰਕਾਰ ਮਿਸਰ ਨੇ ਵੀ ਅਮਰੀਕਾ ਦੀ ਨਿਖੇਧੀ ਕੀਤੀ ਹੈ। ਸੀਰੀਆ ਅਤੇ ਇਰਾਨ ਨੇ ਸਖਤ ਕਦਮ ਚੁਕਣ ਦੀ ਚਿਤਾਵਨੀ ਦਿਤੀ ਹੈ।

### ਯੂਰਪ ਦੇ ਦੇਸ਼ਾਂ ਵਲੋਂ ਅਮਰੀਕਾ ਦਾ ਵਿਰੋਧ

ਸਪੇਨ, ਇਟਲੀ, ਫਰਾਂਸ, ਯੂਨਾਨ, ਜਰਮਨੀ ਆਦਿ ਨੈਟੋ ਦੇਸ਼ਾਂ ਨੇ




ਅਮਰੀਕਾ ਦੇ ਫੌਜੀ ਹਮਲੇ ਦਾ ਕਰੜਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਦਹਿਸ਼ਤਪਸੰਦੀ ਖਤਮ ਨਹੀਂ ਹੋਵੇਗੀ ਸਗੋਂ ਯੂਰਪੀ ਦੇਸ਼ ਇਸ ਦਾ ਮੁੱਖ ਨਿਸ਼ਾਨਾ ਬਣਨਗੇ।

### ਕੈਨੇਡਾ ਵਲੋਂ ਫਿਕਰ

ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਮਰੂਨੀ ਨੇ 1300 ਕੈਨੇਡਾ ਵਾਸੀਆਂ ਲਈ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਫੌਜੀ ਹਮਲੇ ਨਾਲੋਂ ਹੋਰ ਢੰਗ ਵਰਤੇ ਜਾਣੇ ਚਾਹੀਦੇ ਸਨ।

ਭਾਰਤ ਵਲੋਂ ਵੀ ਅਮਰੀਕਾ ਦੀ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਗਿਆ ਹੈ ਕਿ ਦਹਿਸ਼ਤਵਾਦ ਦਾ ਫੌਜੀ ਹੱਲ ਮੁਮਕਿਨ ਨਹੀਂ।


## PURI INSURANCE AGENCIES

4543 Kingsway (Near Willingdon Ave.) Burnaby Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

AUTOPLAN 86 RENEWALS

ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ

**An Autoplan Reminder —**
Leisure vans with modifications to the interior require a Special Equipment Endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.



ਅਮਰਜੀਤ ਕੌਰ ਪੁਰੀ

# ਸਭ ਸ਼ਹਿਰੀਆਂ ਦੇ ਹੱਕ ਬਰਾਬਰ ਹਨ — ਹੈਰੀ ਰੈਂਕਨ

## ਈਸਟ ਇੰਡੀਅਨ ਵਰਕਰਜ਼ ਐਸੋ: ਦੀ ਭਰਵੀਂ ਸਭਾ ਵਿਚ ਐਲਡਰਮੈਨ ਦਾ ਭਾਸ਼ਨ



ਵੈਨਕੂਵਰ 13 ਅਪ੍ਰੈਲ — ਈਸਟ ਇੰਡੀਅਨ ਵਰਕਰਜ਼ ਐਸੋ: ਨੇ 13 ਅਪ੍ਰੈਲ ਨੂੰ ਜਲ੍ਹਿਆਂਵਾਲੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ ਬਰਸੀ ਮਨਾਈ ਇਸ ਵਿਚ ਵੈਨਕੂਵਰ ਦੇ ਸੀਨੀਅਰ ਐਲਡਰਮੈਨ ਅਤੇ ਮਜ਼ਦੂਰਾਂ ਦੇ ਖਾਸਕਰ ਵੈਨਕੂਵਰ ਬਾਸੀਆਂ ਦੇ ਹਰਮਨ ਪਿਆਰੇ ਐਲਡਰਮੈਨ ਹੈਰੀ ਰੈਂਕਨ ਨੇ ਭਾਸ਼ਨ ਦਿਤਾ। ਉਹਨਾਂ ਕਿਹਾ ਕਿ ਤੁਸੀਂ ਲੋਕ ਜੋ ਆਪਣੇ ਹੱਥਾਂ ਨਾਲ ਅਤੇ ਪਸੀਨੇ ਦੌਲਤ ਉਪਜਾਉਂਦੇ ਹੋ ਚਾਹੇ ਤੁਸੀਂ ਕਿਸੇ ਵੀ ਫਿਰਕੇ ਨਸਲ ਜਾਂ ਧਰਮ ਨਾਲ ਸਬੰਧਤ ਹੋ ਉਸ ਉਪਜਾਈ ਦੌਲਤ ਦੇ ਬਰਾਬਰ ਦੇ ਹਿੱਸੇਦਾਰ ਹੋ ਬਿਨਾਂ ਕਿਸੇ ਭੇਦਭਾਵ ਤੋਂ। ਉਹਨਾਂ ਕਿਹਾ ਕਿ ਮਜ਼ਦੂਰ ਜਮਾਤ ਦੇ ਹਿਤ ਸਾਂਝੇ ਹਨ ਆਓ ਇਹਨਾਂ ਦੀ ਰਾਖੀ ਕਰਨ ਲਈ ਸਾਂਝੇ ਘੋਲ ਕਰੀਏ। ਕੁਝ ਲੋਕ ਸਮਝਦੇ ਹਨ ਕਿ ਕੁਝ ਵਿਅਕਤੀਆਂ ਦੀ ਹਤਿਆ ਕਰਕੇ ਜਾਂ ਹਿੰਸਾਤਮਕ ਕਾਰਵਾਈਆਂ ਨਾਲ ਇਸ ਸਮਾਜ ਨੂੰ ਬਦਲ ਸਕਦੇ ਹਨ ਇਹ ਉਹਨਾਂ ਦਾ ਭੁਲੇਖਾ ਹੈ। ਜੋ ਆਪਣਾ ਮੁਲਕ ਛੱਡ ਕੇ ਬਗਾਨੇ ਮੁਲਕ ਆਉਂਦਾ "ਮੈਂ ਇਹ ਨਹੀਂ ਕਹਿੰਦਾ ਕਿ ਉਹ ਉਥੇ ਵਸਦੇ ਲੋਕਾਂ ਵਾਰੇ ਸੋਚਣਾ ਹੀ ਛੱਡ ਦੇਵੇ ਇਹ ਬਹੁਤ ਮੁਸ਼ਕਲ ਹੈ ਪਰ ਉਥੇ ਹੁੰਦੀਆਂ ਘਟਨਾਵਾਂ ਨੂੰ ਅੰਧਰਾਸ਼ਟਰਵਾਦ ਜਾਂ ਵੱਖਵਾਦ ਨਾਲ ਨਹੀਂ ਹਲ ਕੀਤਾ ਜਾ ਸਕਦਾ। ਮਿਸਾਲ ਵਜੋਂ ਜੇ ਕਿਊਬਕ ਕੈਨੇਡਾ ਤੋਂ ਵੱਖਰਾ ਹੋ ਜਾਵੇ? ਤਾਂ ਇਹ ਸਿਰਫ ਅਮਰੀਕਾ ਦੀ 51ਵੀਂ ਰਿਆਸਤ ਹੀ ਬਣੇਗਾ। ਇਸੇ ਤਰ੍ਹਾਂ ਬਾਕੀ ਵੱਖ ਹੋਣ ਵਾਲਿਆਂ ਨਾਲ ਵੀ ਬੀਤੇਗੀ। ਮੁਸ਼ਕਲਾਂ ਨੂੰ ਤੁਸੀਂ ਸਾਂਝੇ ਹਿਤਾਂ ਵਾਲੇ ਲੋਕਾਂ ਨੂੰ ਇਕੱਠੇ ਕਰਕੇ ਹੀ ਕਰ ਸਕਦੇ ਹੋ। ਤੁਸੀਂ ਇਥੇ ਉਨੇ ਹੀ ਹੱਕ ਰਖਦੇ ਹੋ ਜਿੰਨੇ ਕੋਈ ਹੋਰ ਇਸੇ ਲਈ ਅਸੀਂ ਰੇਸ ਰੀਲੇਸ਼ਨ ਕਮੇਟੀ ਦੀ ਸਥਾਪਨਾ ਕੀਤੀ ਹੈ ਵੈਨਕੂਵਰ ਵਿਚ ਅਸੀਂ ਚਾਹੁੰਦੇ ਹਾਂ ਸਭ ਨੂੰ ਬਰਾਬਰ ਦੇ ਹੱਕ ਅਤੇ ਸਹੂਲਤਾਂ ਤੋਂ ਯੋਗਤਾ ਦੇ ਆਧਾਰ ਜੀਵਨ ਗੁਜ਼ਾਰਨ ਦਾ ਹੱਕ ਹੋਵੇ। ਵੈਨਕੂਵਰ ਸਿਟੀ ਕੌਂਸਲ ਰੁਜ਼ਗਾਰ ਤਾਂ ਨਹੀਂ ਵਧਾ ਸਕਦੀ ਪਰ ਵਸਨੀਕਾਂ ਲਈ ਬਰਾਬਰਤਾ ਅਤੇ ਭੇਦਭਾਵ ਰਹਿਤ ਹਿਤਾਂ ਦੀ ਬਹਾਲੀ ਦੀ ਰਾਖੀ ਲਈ ਕੋਸ਼ਿਸ਼ ਕਰੇਗੀ। ਅਖੀਰ ਵਿਚ ਉਹਨਾਂ ਆਉਣ ਵਾਲੀਆਂ ਵੈਨਕੂਵਰ ਸਿਟੀ ਕੌਂਸਲ ਦੀਆਂ ਚੋਣਾਂ ਲਈ ਕੋਪ ਦੀ ਸਲੇਟ ਨੂੰ ਬਹੁ ਗਿਣਤੀ ਵਿਚ ਜਿਤਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਜੇ ਹੋ ਸਕੇ ਤਾਂ ਮੇਅਰ ਲਈ ਵੀ ਕੋਪ ਦੀ ਮਦਦ ਕਰਨੀ। ਯਾਦ ਰਹੇ ਕਿ ਹੈਰੀ ਰੈਂਕਨ ਆਉਣ ਵਾਲੀਆਂ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਵੈਨਕੂਵਰ ਸਿਟੀ ਦੇ ਮੇਅਰ ਪਦ ਲਈ ਉਮੀਦਵਾਰ ਹਨ।

# ਲੋਕ ਕਲਾ ਕੇਂਦਰ ਦੀ ਪੇਸ਼ਕਸ਼ — ਭੰਗੜਾ




ਰੀਪੋਰਟ ਤੇ ਤਸਵੀਰਾਂ ਅਗਲੇ ਅੰਕ ਵਿਚ

# ਵਿਸਾਖੀ ਸਮੇਂ ਹਰਿਮੰਦਰ ਸਾਹਿਬ ਵਿਚ ਨੰਗੀਆਂ ਤਲਵਾਰਾਂ ਦੇਖ ਲੋਕ ਡਰ ਗਏ

ਅੰਮ੍ਰਿਤਸਰ — ਵਿਸਾਖੀ ਸਮੇਂ ਦਮਦਮੀ ਟਕਸਾਲ ਵਲੋਂ ਬੁਲਾਏ ਗਏ ਸਰਬੱਤ ਸੰਮੇਲਨ ਵਿਚ ਤਿੰਨ ਹਜ਼ਾਰ ਲੋਕ ਸ਼ਾਮਲ ਹੋਏ ਜਦ ਕਿ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਲੱਖਾਂ ਲੋਕਾਂ ਦੀ ਗਿਣਤੀ ਸੀ।

ਬੀ. ਬੀ. ਸੀ. ਦੀਆਂ ਖਬਰਾਂ ਅਨੁਸਾਰ ਪੁਲਸ ਵਲੋਂ ਸੁਰੱਖਿਆ ਪ੍ਰਬੰਧ ਕਾਫੀ ਮਜ਼ਬੂਤ ਸਨ ਪਰ ਬੀ. ਬੀ. ਸੀ. ਦੇ ਬੁਲਾਰੇ ਨੇ ਕਿਹਾ ਕਿ ਪੁਲਸ ਨੇ ਆਮ ਲੋਕਾਂ ਨੂੰ ਹਰਿਮੰਦਰ ਸਾਹਿਬ ਜਾਣ ਤੋਂ ਨਹੀਂ ਰੋਕਿਆ। ਲੋਕ ਨੰਗੀਆਂ ਤਲਵਾਰਾਂ ਅੰਦਰ ਦੇਖ ਕੇ ਆਪ ਹੀ ਮੁੜ ਆਉਂਦੇ ਰਹੇ।

ਬੀ. ਬੀ. ਸੀ. ਦੇ ਬੁਲਾਰੇ ਨੇ ਇਹ ਵੀ ਕਿਹਾ ਕਿ ਅੰਦਰ ਪ੍ਰਕਰਮਾ ਵਿਚ ਜਲੂਸ ਕੱਢਿਆ ਗਿਆ ਤੇ ਖਾਲਿਸਤਾਨੀ ਨਾਅਰੇ ਲਾਏ ਗਏ।

## ਫੈਡਰੇਸ਼ਨ ਵਲੋਂ ਬਾਈਕਾਟ

ਖਬਰਾਂ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸਿੱਖ ਸਟੂਡੈਂਟ ਫੈਡਰੇਸ਼ਨ ਵਿਚ ਫੁਟ ਪੈਣ ਕਾਰਨ ਇਸਦੇ ਬਹੁਤ ਘੱਟ ਕਾਰਕੁੰਨ ਸਰਬੱਤ ਖਾਲਸਾ ਵਿਚ ਸ਼ਾਂਮਲ ਹੋਏ। ਯਾਦ ਰਹੇ ਕਿ ਹਰਿੰਦਰ ਸਿੰਘ ਕਾਹਲੋਂ ਨੂੰ ਕਨਵੀਨਰੀ ਤੋਂ ਹਟਾ ਕੇ ਇਕ ਸੱਤ ਮੈਂਬਰੀ ਕਮੇਟੀ ਬਣਾਂ ਦਿਤੀ ਗਈ ਹੈ। ਅਸਲ ਝਗੜਾ ਟਕਸਾਲ ਤੇ ਫੈਡਰੇਸ਼ਨ ਵਿਚ ਬਾਬਾ ਦਲ ਨੂੰ ਮੱਦਦ ਦੇਣ ਉਤੇ ਹੋਇਆ। ਬਾਬਾ ਠਾਕਰ ਸਿੰਘ ਹਰਿੰਦਰ ਸਿੰਘ ਕਾਹਲੋਂ ਧੜੇ ਦੀ ਮੱਦਦ ਕਰ ਰਹੇ ਹਨ -

To protect your family, your mortgage, or to ensure your childrens' education, for an RRSP or an annuity, contact:



**AVTAR S. RANDHAWA**

B.A., B.T.

AVTAR S. RANDHAWA

Six times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਸੁਨੀਲ ਅਰੂਜਾ, ਐਗਜ਼ੈਕਟਿਵ ਮੈਂਬਰ ਫਰੇਜ਼ਰ ਵੈਲੀ ਐਸੋਸੀਏਸ਼ਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਮਰੂਨੀ ਦੀ ਪਤਨੀ ਸ੍ਰੀਮਤੀ ਮੀਲਾ ਮਰੂਨੀ ਨਾਲ ਵੈਨਕੂਵਰ ਵਿਚ



**THINKING OF BUYING or SELLING**

(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE



**NIRMAL (NEIL) DHALIWAL**
**Bus: 588-9955 Res: 597-2069**

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.

## ਬਿਹਾਰ ਗੁਰਦੁਆਰਾ ਕਮੇਟੀ ਵਲੋਂ ਨਿੰਦਾ

ਚੰਡੀਗੜ੍ਹ, (ਪ. ਟ. ਬ.) – ਸ੍ਰੀ ਗੁਰੂ ਸਿੰਘ ਸਭਾ ਗਿੰਦੀ (ਏ), ਜ਼ਿਲਾ ਹਜ਼ਾਰੀ ਬਾਗ ਬਿਹਾਰ ਦੀ ਕਮੇਟੀ ਨੇ ਇਕ ਮਤਾ ਪਾਸ ਕਰਕੇ ਪੰਜਾਬ ਵਿਚ ਚਲ ਰਹੀ ਹਿੰਸਾ ਦੀ ਲਹਿਰ ਦੀ ਨਿੰਦਾ ਕੀਤੀ ਹੈ। ਕਮੇਟੀ ਵਲੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਸਕੱਤਰ ਹਰਬੰਸ ਸਿੰਘ ਨੇ ਕਿਹਾ ਕਿ ਆਨੰਦਪੁਰ ਸਾਹਿਬ, ਲੁਧਿਆਣਾ, ਬਟਾਲਾ ਆਦਿ ਸ਼ਹਿਰਾਂ ਵਿਚ ਅਤਿਵਾਦੀਆਂ ਨੇ ਜਿਹੜੀਆਂ ਕਾਰਵਾਈਆਂ ਕੀਤੀਆਂ ਹਨ, ਉਹ ਨਿੰਦਣਯੋਗ ਹਨ। ਉਨ੍ਹਾਂ ਪੰਜਾਬ ਦੇ ਸਾਰੇ ਨਿਵਾਸੀਆਂ ਨੂੰ ਕਿਹਾ ਹੈ ਕਿ ਉਹ ਭੜਕਾਹਟ ਵਿਚ ਆਏ ਬਿਨਾਂ ਦੇਸ਼ ਦੀ ਅਖੰਡਤਾ ਅਤੇ ਏਕਤਾ ਕਾਇਮ ਰੱਖਣ ਵਿਚ ਮਦਦ ਕਰਨ।

# "ਪੰਜਾਬ ਬਚਾਓ ਦਿਵਸ" ਸਬੰਧੀ ਰੈਲੀਆਂ ਤੇ ਵਿਖਾਵੇ

ਰੋਪੜ — "ਪੰਜਾਬ ਬਚਾਓ ਦਿਵਸ" ਦੇ ਸਬੰਧ ਵਿਚ ਇਥੇ ਭਾਰਤੀ ਕਮਿਊਨਿਸਟ ਪਾਰਟੀ ਤੇ ਮਾਰਕਸੀ ਪਾਰਟੀ ਵਲੋਂ ਇਕ ਮੈਮੋਰੰਡਮ ਡਿਪਟੀ ਕਮਿਸ਼ਨਰ ਰੋਪੜ ਕੇ. ਡੀ. ਅਰੋੜਾ ਨੂੰ ਦਿਤਾ ਗਿਆ ਜਿਸ ਵਿਚ ਮੰਗ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਸਮਝੌਤੇ 'ਤੇ ਅਮਲ ਕਰੇ, ਪੰਜਾਬ ਸਰਕਾਰ ਅਤਿਵਾਦੀ ਅਨਸਰਾਂ ਨਾਲ ਸਖਤੀ ਨਾਲ ਨਿਪਟੇ ਤੇ ਪੰਜਾਬ ਵਿਚ ਇਕ ਫਿਰਕੇ ਵਿਚ ਫੈਲ ਰਹੀ ਅਸੁਰੱਖਿਆ ਦੀ ਭਾਵਨਾ ਖਤਮ ਕਰਨ ਲਈ ਉਚਿਤ ਕਾਰਵਾਈ ਕੀਤੀ ਜਾਵੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸ਼ਿਵ ਸੈਨਾ ਵਰਗੀਆਂ ਜਥੇਬੰਦੀਆਂ ਦੀਆਂ ਗਤੀਵਿਧੀਆਂ ਨੂੰ ਵਧਣੋਂ ਰੋਕਿਆ ਜਾਵੇ ਤਾਂ ਜੋ ਵਧ ਰਹੀ ਫਿਰਕੂ ਕੁੜੱਤਣ ਰੁਕ ਸਕੇ।

ਫਰੀਦਕੋਟ — ਦੋਵਾਂ ਕਮਿਊਨਿਸਟਾਂ ਪਾਰਟੀਆਂ ਦੇ ਸੈਂਕੜੇ ਵਰਕਰਾਂ ਨੇ ਇਥੇ ਬਜ਼ਾਰਾਂ ਤੇ ਗਲੀਆਂ ਵਿਚ ਜਲੂਸ ਕੱਢਿਆ। ਸ੍ਰੀ ਸੁਖਜਿੰਦਰ ਸਿੰਘ ਧਾਲੀਵਾਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਤਲਾਂ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਬਿਨਾਂ ਕਿਸੇ ਦੇਰੀ ਦੇ ਪੰਜਾਬ ਸਮਝੌਤਾ ਲਾਗੂ ਕੀਤਾ ਜਾਵੇ।

ਜਲੰਧਰ — ਜਲੰਧਰ ਜ਼ਿਲੇ ਵਿਚ ਵੱਖ ਵੱਖ ਥਾਈਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸੀ ਕਮਿਊਨਿਸਟ ਪਾਰਟੀ ਵਲੋਂ 'ਪੰਜਾਬ ਬਚਾਓ, ਭਾਰਤ ਬਚਾਓ' ਦਿਵਸ ਮਨਾਇਆ ਗਿਆ। ਇਥੇ ਇਕ ਕਨਵੈਨਸ਼ਨ ਵਿਚ ਪੰਜਾਬ ਦੀ ਸਥਿਤੀ ਉਪਰ ਚਰਚਾ ਕੀਤੀ ਗਈ ਅਤੇ ਸਿਆਸੀ ਤੇ ਸਮਾਜਕ ਸ਼ਕਤੀਆਂ ਨੂੰ ਇਕ ਜੁੱਟ ਹੋਣ ਦੀ ਅਪੀਲ ਕੀਤੀ ਗਈ।

ਖਰੜ — ਸੀ. ਪੀ. ਆਈ., ਸੀ. ਪੀ. ਐਮ. ਤੇ ਹੋਰ ਖੱਬੀਆਂ ਪਾਰਟੀਆਂ ਵਲੋਂ ਖਰੜ ਵਿਖੇ ਪੰਜਾਬ ਬਚਾਓ ਦਿਨ ਦੇ ਸਬੰਧ ਵਿਚ ਇਕ ਰੈਲੀ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪਾਰਟੀਆਂ ਦੇ ਲਗਪਗ 500 ਵਰਕਰ ਖਰੜ ਟੈਕਸਟਾਈਲ ਮਿਲੱਜ਼ ਤੋਂ ਇਕ ਰੈਲੀ ਦੇ ਰੂਪ ਵਿਚ ਚਲੇ ਤੇ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚੋਂ ਗੁਜ਼ਰੇ। ਬਾਅਦ ਵਿਚ ਉਨ੍ਹਾਂ ਥਾਣੇ ਦੇ ਨਜ਼ਦੀਕ ਇਕ ਸਭਾ ਦੀ ਆਯੋਜਿਤ ਕੀਤੀ। ਰੈਲੀ ਨੂੰ ਸੀ. ਪੀ. ਆਈ. ਨੇਤਾ ਕਾਮਰੇਡ ਹਰਪਾਲ ਸਿੰਘ ਤੇ ਨਾਨਕ ਸਿੰਘ ਅਤੇ ਸੀ. ਪੀ. ਐਮ. ਨੇਤਾ ਗੁਰਬਖਸ਼ ਸਿੰਘ ਡਕੋਂਟਾ ਤੋਂ ਇਲਾਵਾ ਜਗਦੀਸ਼ ਚੰਦ ਤੇ ਹੋਰ ਨੇਤਾਵਾਂ ਨੇ ਵੀ ਸੰਬੋਧਨ ਕੀਤਾ।

ਮੋਗਾ — 'ਪੰਜਾਬ ਬਚਾਓ ਦਿਵਸ' ਦੇ ਸਬੰਧ ਵਿਚ ਇਥੇ ਅਨਾਜ ਮੰਡੀ ਵਿਚ ਸੀ. ਪੀ. ਐਮ. ਫਾਰਵਰਡ ਬਲਾਕ ਤੇ ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਦੀ ਸਾਂਝੀ ਮੀਟਿੰਗ ਵਿਚ ਪੰਜਾਬ ਵਿਚ ਹੋ ਰਹੀਆਂ ਦਹਿਸ਼ਤਪਸੰਦ ਕਾਰਵਾਈਆਂ ਦੀ ਜ਼ੋਰਦਾਰ ਨਿੰਦਾ ਕੀਤੀ ਗਈ। ਸੀ ਪੀ ਆਈ ਨੈਸ਼ਨਲ ਕੌਂਸਲ ਦੇ ਮੈਂਬਰ ਭੁਲਦੂ ਖਾਨ ਨੇ ਕਿਹਾ ਕਿ ਅਮਰੀਕਾ ਤੇ ਪਾਕਿਸਤਾਨ ਵਰਗੀਆਂ ਵਿਦੇਸ਼ੀ ਤਾਕਤਾਂ ਦਹਿਸ਼ਤਪਸੰਦਾਂ ਦੀ ਮਦਦ ਕਰਨ 'ਤੇ ਤੁਲੀਆਂ ਹੋਈਆਂ ਹਨ ਤੇ ਇਹ ਦਹਿਸ਼ਤਪਸੰਦ ਪੰਜਾਬ ਵਿਚ ਲਾਕਾਨੂੰਨੀ ਪੈਦਾ ਕਰ ਰਹੇ ਹਨ। ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸਾਬਕਾ ਐਮ. ਐਲ. ਏ. ਸੱਘੜ ਸਿੰਘ ਤੇ ਗੁਰਬਖਸ਼ ਸਿੰਘ ਵੀ ਸ਼ਾਮਲ ਸਨ।

### ਸਮਝੌਤਾ ਲਾਗੂ ਕਰੋ

ਕੁਰੂਕਸ਼ੇਤਰ — ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀਆਂ ਸਥਾਨਕ ਇਕਾਈਆਂ ਨੇ "ਪੰਜਾਬ ਬਚਾਓ ਦਿਵਸ" ਮਨਾਇਆ। ਇਸ ਮੌਕੇ 'ਤੇ ਕੁਰੂਕਸ਼ੇਤਰ ਯੂਨੀਵਰਸਿਟੀ ਕੈਂਪਸ ਵਿਚ ਸਾਂਝੀ ਮੀਟਿੰਗ ਕੀਤੀ ਗਈ ਜਿਸ ਵਿਚ ਸਰਬਸੰਮਤੀ ਨਾਲ ਮੰਗ ਕੀਤੀ ਗਈ ਕਿ ਪੰਜਾਬ ਸਮਝੌਤਾ ਲਾਗੂ ਕੀਤਾ ਜਾਵੇ। ਐਸ. ਐਫ. ਆਈ. ਦੇ ਸੂਬਾ ਸਕੱਤਰ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਚ ਵਧ ਰਹੀ ਬਦਅਮਨੀ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਇਆ ਤੇ ਕਿਹਾ ਕਿ ਪੰਜਾਬ ਸਮਝੌਤਾ ਲਾਗੂ ਨਾ ਕਰਕੇ ਕੇਂਦਰ ਸਰਕਾਰ ਪੰਜਾਬ ਵਿਚ ਅਤਿਵਾਦੀਆਂ ਨੂੰ ਅਧਾਰ ਪਰਦਾਨ ਕਰ ਰਹੀ ਹੈ।

# ਪਾਕਿ ਵਲੋਂ ਭਾਰਤੀਆਂ ਨੂੰ ਗੁਰੀਲਾ ਸਿਖਲਾਈ

ਜੰਮੂ — ਖੁਫੀਆ ਏਜੰਸੀਆਂ ਅਨੁਸਾਰ ਪਾਕਿਸਤਾਨ ਨੇ ਗੁਰੀਲਾ ਲੜਾਈ ਦੀ ਟਰੇਨਿੰਗ ਦੇਣ ਲਈ ਹਾਜੀਪੀਰ ਦੱਰੇ ਦੇ ਖੇਤਰ ਵਿਚ ਇਕ ਹੋਰ ਸਿਖਲਾਈ ਸੰਸਥਾ ਖੋਲ੍ਹ ਦਿੱਤੀ ਹੈ। ਸਰਕਾਰੀ ਸੂਤਰਾਂ ਅਨੁਸਾਰ ਉਚੇ ਪਹਾੜੀ ਇਲਾਕਿਆਂ ਵਿਚ ਲੜਾਈ ਲਈ ਸਿਖਲਾਈ ਦੇਣ ਦੇ ਉਦੇਸ਼ ਨਾਲ ਇਹ ਸੰਸਥਾ ਅਮਰੀਕੀ ਮਦਦ ਨਾਲ ਖੋਲ੍ਹੀ ਗਈ ਹੈ। ਇਨ੍ਹਾਂ ਸੂਤਰਾਂ ਅਨੁਸਾਰ ਬਲਿਊ ਸਟਾਰ ਤੋਂ ਪਹਿਲਾਂ ਅਤੇ ਬਾਅਦ ਭਾਰਤ ਵਿਚੋਂ ਪਾਕਿ ਗਏ ਲੋਕਾਂ ਨੂੰ ਇਥੇ ਸਿਖਲਾਈ ਦੇ ਕੇ ਤੋੜਫੋੜ ਲਈ ਹਿੰਦ ਭੇਜਿਆ ਜਾਂਦਾ ਹੈ।

# ਕਿਰਪਾਨ 'ਤੇ ਰੋਕ ਵਿਰੁਧ ਅਪੀਲ ਰੱਦ

ਅਟਵਾ — ਕੈਨੇਡਾ ਦੇ ਸੁਪਰੀਮ ਕੋਰਟ ਨੇ ਉਹ ਅਪੀਲ ਸੁਣਨ ਦੀ ਬੇਨਤੀ ਠੁਕਰਾ ਦਿਤੀ ਹੈ ਜਿਸ ਰਾਹੀਂ ਅਦਾਲਤ ਵਿਚ ਕਿਰਪਾਨ ਪਹਿਨਣ ਉਪਰ ਇਕ ਜੱਜ ਵਲੋਂ ਲਗਾਈ ਰੋਕ ਨੂੰ ਚੈਲਿੰਜ ਕੀਤਾ ਗਿਆ ਸੀ। ਭਾਵੇਂ ਕੈਨੇਡਾ ਦੀ ਇਸ ਸਭ ਤੋਂ ਵੱਡੀ ਅਦਾਲਤ ਨੇ ਆਪਣੇ ਫੈਸਲੇ ਦਾ ਕੋਈ ਕਾਰਨ ਨਹੀਂ ਦੱਸਿਆ ਪ੍ਰੰਤੂ ਇਸ ਦਾ ਸਿੱਟਾ ਇਹ ਹੋਵੇਗਾ ਕਿ ਅਦਾਲਤ ਵਿਚ ਕਿਰਪਾਨ ਪਹਿਨਣ ਉਪਰ ਮੈਨੀਟੋਬਾ ਦੇ ਪ੍ਰੋਵਿੰਸ਼ਲ ਜੱਜ ਵਲੋਂ ਲਗਾਈ ਪਾਬੰਦੀ ਬਰਕਰਾਰ ਰਹੇਗੀ। ਮੈਨੀਟੋਬਾ ਦੇ ਜੱਜ ਜੇ. ਮਿਚੈਲ ਨੇ ਸਾਬਕਾ ਭਾਰਤੀ ਹਾਈ ਕਮਿਸ਼ਨਰ ਕੇ. ਪੀ. ਫਾਬੀਆਨ ਉਪਰ ਹਮਲੇ ਦੇ ਮਾਮਲੇ ਦੀ ਸੁਣਵਾਈ ਦੌਰਾਨ ਫੈਸਲਾ ਦਿੱਤਾ ਸੀ ਕਿ ਉਹ ਅਦਾਲਤ ਵਿਚ ਮੁਲਾਜ਼ਮਾਂ — ਸਰਵ ਸ੍ਰੀ ਦਿਲਬਾਗ ਸਿੰਘ ਹੋਤੀ, ਬਲਜਿੰਦਰ ਸਿੰਘ ਜਵੰਦਾ, ਜੋਗਿੰਦਰ ਸਿੰਘ ਅਤੇ ਗੁਰਜੀਤ ਸਿੰਘ ਗਿੱਲ ਨੂੰ ਕਿਰਪਾਨਾਂ ਪਹਿਨਣ ਦੀ ਆਗਿਆ ਨਹੀਂ ਦੇਣਗੇ।

ਜੱਜ ਮਿਚੈਲ ਨੇ ਆਪਣੇ ਫੈਸਲੇ ਵਿਚ ਕਿਹਾ, "ਇਨ੍ਹਾਂ ਬੰਦਿਆਂ ਉਪਰ ਹਿੰਸਾ ਦਾ ਦੋਸ਼ ਹੈ ਅਤੇ ਮੈਂ ਆਪਣੀ ਅਦਾਲਤ ਵਿਚ ਹਥਿਆਰਾਂ ਦੀ ਆਗਿਆ ਨਹੀਂ ਦੇ ਸਕਦਾ।" ਕੁਈਨਸ ਬੈਂਚ ਅਤੇ ਮੈਨੀਟੋਬਾ ਕੋਰਟ ਆਫ ਅਪੀਲਜ਼ ਨੇ ਇਸ ਫੈਸਲੇ ਨੂੰ ਬਰਕਰਾਰ ਰੱਖਿਆ। ਮੁਦੱਈਆ ਦੇ ਵਕੀਲ ਜੇਰਾਲਡ ਗਨ ਦਾ ਕਹਿਣਾ ਸੀ ਕਿ ਅਗਰ ਕੱਲ੍ਹ ਕੋਈ ਅਮ੍ਰਿਤਧਾਰੀ ਸਿੱਖ ਵਕਾਲਤ ਕਰਨ ਲਗ ਪੈਂਦਾ ਹੈ ਤਾਂ ਉਸ ਨੂੰ ਵੀ ਕਿਰਪਾਨ ਪਹਿਨ ਕੇ ਅਦਾਲਤ ਵਿਚ ਆਉਣ ਦੀ ਆਗਿਆ ਨਹੀਂ ਹੋਵੇਗੀ। ਕੈਨੇਡਾ ਦੀ ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ।

# ਅਤਿਵਾਦੀ ਸੁਬੇਗ ਸਿੰਘ ਦਾ ਆਤਮ ਸਮਰਪਣ

ਪਿਛਲੇ ਦਿਨੀਂ ਛੇ ਪੁਲੀਸ ਮੈਨਾਂ ਦੇ ਕਤਲਾਂ ਵਿਚ ਲੋੜੀਂਦਾ ਭਗੌੜਾ ਅਤਿਵਾਦੀ ਸੁਬੇਗ ਸਿੰਘ ਪੁਲਿਸ ਕੋਲ ਆਤਮ ਸਮਰਪਣ ਕਰ ਗਿਆ। ਪੁਲਿਸ ਸੂਤਰਾਂ ਅਨੁਸਾਰ ਇਹ ਅਤਿਵਾਦੀ ਅਮ੍ਰਿਤਸਰ ਜ਼ਿਲੇ ਦੇ ਪਿੰਡ ਲਾਹੌਰੀਮਲ ਪਿੰਡ ਦਾ ਰਹਿਣ ਵਾਲਾ ਹੈ ਤੇ ਇਸਦੇ ਇਸ ਕਤਲਕਾਂਡ ਵਿਚ ਸਾਥੀ ਸਨ ਰਾਏਕੋਟ ਦਾ ਗੁਰਸੇਵਕ ਸਿੰਘ ਲੁਧਿਆਣੇ ਜ਼ਿਲੇ ਵਿਚੋਂ, ਅੰਮ੍ਰਿਤਸਰ ਦਾ ਰਣਜੀਤ ਸਿੰਘ ਉਰਫ ਰਾਣਾ ਅਤੇ ਹਲਵਾਰੇ ਦਾ ਜਰਨੈਲ ਸਿੰਘ ਜੋ ਕਿ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਵਿਚ ਵੀ ਲੋੜੀਂਦਾ ਹੈ।

ਗੁਰਸੇਵਕ ਸਿੰਘ ਰਾਜਸਥਾਨ ਜੇਲ੍ਹ ਵਿਚੋਂ ਭਗੌੜਾ ਹੋਇਆ ਇਕ ਅਤਿਵਾਦੀ ਹੈ। ਸੁਬੇਗ ਸਿੰਘ ਅਨੁਸਾਰ ਜਲੰਧਰ ਵਿਚ ਪੁਲੀਸਮੈਨਾਂ ਦੇ ਕਤਲ ਵਿਚ ਪੰਜ ਆਦਮੀਆਂ ਨੇ ਭਾਗ ਲਿਆ ਪਰ ਪੰਜਵੇਂ ਆਦਮੀ ਦਾ ਨਾਂ ਉਸਨੂੰ ਪਤਾ ਨਹੀਂ। ਸੁਬੇਵ ਸਿੰਘ ਜੋ ਕਿ ਗੁਰਿੰਦਰ ਉਰਫ 'ਭੋਲਾ' ਦਾ ਦੋਸਤ ਹੈ ਭੋਲਾ ਜਿਸਨੇ ਕਿ ਰਮੇਸ਼ ਚੰਦਰ ਹਿੰਦ ਸਮਾਚਾਰ ਦੇ ਐਡੀਟਰ ਨੂੰ ਤਿੰਨ ਹੋਰ ਸਾਥੀਆਂ ਨਾਲ ਮਿਲਕੇ ਕਤਲ ਕੀਤਾ ਕਿਹਾ ਜਾਂਦਾ ਹੈ। ਪੁਲੀਸ ਅਨੁਸਾਰ ਸੁਬੇਗ ਸਿੰਘ ਕੋਲੋਂ ਇਕ ਅਟੈਚੀਕੇਸ ਵੀ ਮਿਲਿਆ ਹੈ ਜਿਸ ਵਿਚ ਹੋਰ ਅਤਿਵਾਦੀਆਂ ਦੇ ਨਾਂ ਅਤੇ ਫੋਟੋਆਂ ਵੀ ਮਿਲੀਆਂ ਹਨ। ਪੁਲੀਸ ਨੂੰ ਉਹ ਜੀਪ ਹਾਲੀ ਬਰਾਮਦ ਨਹੀਂ ਹੋਈ ਜੋ ਕਿ ਨਕਲੀ ਨੰਬਰ ਪਲੇਟਾਂ ਲਾ ਕੇ ਵਰਤੀ ਗਈ ਸੀ।

ਗੁਰੂ ਬਜ਼ਾਰ
6529 ਮੇਨ ਸਟਰੀਟ (49th ਐਵੇਨਿਊ)
ਵੈਨਕੂਵਰ, ਬੀ. ਸੀ.
ਫ਼ੋਨ : 327-4422

ਗੁਰੂ ਬਜ਼ਾਰ 'ਤੇ ਵਿਸਾਖੀ ਦੀ ਭਰਵੀਂ

ਸੇਲ ਅਜੇ ਵੀ ਚੱਲ ਰਹੀ ਹੈ

GURU BAZAAR
6529 Main St. (49th Ave.)
Vancouver, B.C.
Ph. 327-4422

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ:

# ਅਮਰੀਕਾ ਦਾ ਲਿਬੀਆ ਉਤੇ ਹਮਲਾ

ਸੋਮਵਾਰ ਅਮਰੀਕਨ ਫੌਜੀ ਜਹਾਜ਼ ਲਿਬੀਆ ਉਤੇ ਤਿੰਨ ਘੰਟੇ ਬੰਬਾਂ ਦੀ ਵਰਖਾ ਕਰਦੇ ਰਹੇ ਜਿਸ ਨਾਲ ਸੌ ਤੋਂ ਵੱਧ ਬੇਦੋਸ਼ੇ ਲੋਕਾਂ ਦੀਆਂ ਜਾਨਾਂ ਗਈਆਂ। ਅਮਰੀਕਾ ਦੀ ਸਾਮਰਾਜੀ ਸਰਕਾਰ ਜਿਥੇ ਆਪਣੇ ਦੇਸ਼ਾਂ ਦੇ ਲੋਕਾਂ ਦੀ ਆਵਾਜ਼ ਨੂੰ ਟਿੱਚ ਸਮਝਦੀ ਹੈ, ਉਥੇ ਸੰਸਾਰ ਵਿਚ ਜੋ ਪ੍ਰਤੀਕਿਰਿਆ ਇਸ ਹਮਲੇ ਦੀ ਹੋਈ ਹੈ, ਉਸ ਨੂੰ ਵੀ ਢੀਠਤਾ ਨਾਲ ਨਜ਼ਰਅੰਦਾਜ਼ ਕਰਨ ਦੀ ਦੋਸ਼ੀ ਹੈ। ਸਮਾਜਵਾਦੀ ਅਤੇ ਨਿਰਪੱਖ ਦੇਸ਼ਾਂ ਨੇ ਤਾਂ ਇਸ ਹਮਲੇ ਦੀ ਨਿਖੇਧੀ ਕਰਨੀ ਹੀ ਸੀ — ਅਮਰੀਕਾ ਦੇ ਫੌਜੀ ਤੌਰ ਤੇ ਨੈਟੋ ਦੇ ਭਾਈਵਾਲਾਂ ਫਰਾਂਸ, ਸਪੇਨ, ਇਟਲੀ, ਯੂਨਾਨ ਆਦਿ ਨੇ ਵੀ ਅਮਰੀਕਾ ਵਲੋਂ ਫੌਜੀ ਤਾਕਤ ਨਾਲ ਇਕ ਛੋਟੇ ਮੁਲਕ ਉਤੇ ਇਸ ਤਰ੍ਹਾਂ ਹਮਲੇ ਕਰਨ ਨੂੰ ਅਯੋਗ ਕਾਰਵਾਈ ਕਿਹਾ ਹੈ। ਫਰਾਂਸ ਨੇ ਤਾਂ ਆਪਣੀ ਦੇਸ਼ ਉਤੋਂ ਅਮਰੀਕੀ ਜਹਾਜ਼ਾਂ ਨੂੰ ਉਡਾਣ ਭਰਨ ਦੀ ਆਗਿਆ ਤੱਕ ਨਹੀਂ ਦਿੱਤੀ। ਰੋਮ, ਏਥਨਜ਼, ਤੇ ਹੋਰ ਯੂਰਪੀ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿਚ ਮੁਜ਼ਾਹਰਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅਮਰੀਕਨ ਸਾਮਰਾਜ ਦੀਆਂ ਜੜ੍ਹਾਂ ਕਿੰਨੀਆਂ ਖੋਖਲੀਆਂ ਹਨ।

ਇਕ ਪਾਸੇ ਲਿਬੀਆ ਉਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਯੋਜਨਾਬੱਧ ਢੰਗ ਨਾਲ ਅਮਰੀਕਾ ਦੇ ਸ਼ਹਿਰੀਆਂ ਉਤੇ ਦਹਿਸ਼ਤਵਾਦੀ ਕਾਰਵਾਈਆਂ ਵਿਚ ਰੁੱਝਾ ਹੋਇਆ ਹੈ, ਦੂਜੇ ਪਾਸੇ ਦਹਿਸ਼ਤਵਾਦੀ ਢੰਗ ਨਾਲ ਬੰਬਾਰੀ ਕਰਕੇ ਬੇਗੁਨਾਹ ਲੋਕਾਂ ਨੂੰ ਅਮਰੀਕਨ ਸਰਕਾਰ ਵਲੋਂ ਆਪ ਮਾਰਿਆ ਜਾ ਰਿਹਾ ਹੈ। ਦਹਿਸ਼ਤਵਾਦ ਨੂੰ ਜਨਮ ਦੇਣ ਵਾਲਾ, ਪੱਠੇ ਪਾਉਣ ਵਾਲਾ, ਟਰੇਨਿੰਗ ਦੇਣ ਵਾਲਾ ਦੇਸ਼ ਆਪ ਅਮਰੀਕਾ ਹੈ ਜਿਥੇ ਦਹਿਸ਼ਤਵਾਦੀ ਟਰੇਨਿੰਗ ਦੇਣ ਦੇ ਸਕੂਲ ਤੱਕ ਖੁਲ੍ਹੇ ਹੋਏ ਹਨ। ਇਨ੍ਹਾਂ ਦੀ ਆਪਣੀ ਸੀ. ਆਈ. ਏ. ਦੁਨੀਆਂ ਦੇ ਕੋਨੇ ਕੋਨੇ ਵਿਚ ਭੰਨ ਤੋੜ ਦੀਆਂ ਕਾਰਵਾਈਆਂ ਕਰ ਰਹੀ ਹੈ। ਨਿਕਾਰਾਗੂਆ ਵਿਚ ਦਹਿਸ਼ਤਪਸੰਦਾਂ ਨੂੰ ਸ਼ਰੇਆਮ ਅਸਲਾ ਦਿਤਾ ਜਾ ਰਿਹਾ ਹੈ। ਇਜ਼ਰਾਈਲ ਵਰਗੇ ਦੇਸ਼ਾਂ ਨੂੰ ਦਹਿਸ਼ਤਗਰਦੀ ਫੈਲਾਉਣ ਲਈ ਅਰਬਾਂ ਡਾਲਰਾਂ ਦੀ ਫੌਜੀ ਸਹਾਇਤਾ ਅਤੇ ਹਥਿਆਰ ਦਿਤੇ ਜਾ ਰਹੇ ਹਨ। ਫਲਸਤੀਨੀ ਲੋਕਾਂ ਨੂੰ ਘਰੋਂ ਬੇਘਰ ਕੀਤਾ ਹੋਇਆ ਹੈ।

ਜਿਸ ਦੇਸ਼ ਦਾ ਆਪਣਾ ਏਨਾ ਕਾਲਖ-ਭਰਿਆ ਰੀਕਾਰਡ ਹੋਵੇ, ਉਸ ਦੇਸ਼ ਨੂੰ ਲਾਹਨਤਾਂ ਜੋ ਸਮੁੱਚਾ ਅਰਬ, ਸਮੁੱਚਾ ਅਫਰੀਕਾ ਤੇ ਸਮੁੱਚਾ ਯੂਰਪ ਤੇ ਏਸ਼ੀਆ ਪਾ ਰਿਹਾ ਹੈ — ਅਜਿਹਾ ਦੇਸ਼ ਹੀ ਢੀਠਤਾਈ ਨਾਲ ਜਿਉਣ ਦਾ ਸਾਹਸ ਕਰ ਸਕਦਾ ਹੈ। ਲਿਬੀਆ ਉਤੇ ਹਮਲਾ ਕਰਕੇ ਅਮਰੀਕਨ ਸਰਕਾਰ ਨੇ ਦਹਿਸ਼ਤਪਸੰਦ ਕਾਰਵਾਈਆਂ ਵਧਣ ਦਾ ਰਾਹ ਖੋਲ੍ਹ ਦਿਤਾ ਹੈ ਅਤੇ ਇਸ ਦੇ ਭਿਆਨਕ ਸਿੱਟੇ ਇਸੇ ਨੂੰ ਭੁਗਤਣ ਲਈ ਹੁਣ ਤਿਆਰ ਰਹਿਣਾ ਪਵੇਗਾ।

# ਯੂਨੀਵਰਸਿਟੀਆਂ ਦੇ ਇਮਤਿਹਾਨ ਅਪ੍ਰੈਲ ਦੇ ਤੀਜੇ ਹਫਤੇ

ਬੀਤੇ ਦਿਨੀਂ ਵਿਦਿਆ ਮੰਤਰੀ ਨੇ ਇਹ ਐਲਾਨ ਕੀਤਾ ਕਿ ਪੰਜਾਬ ਵਿਚ ਪੰਜਾਬੀ ਯੂਨੀਵਰਸਿਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀਆਂ ਦੇ ਇਮਤਿਹਾਨ ਅਪ੍ਰੈਲ ਦੇ ਤੀਜੇ ਹਫਤੇ ਵਿਚ ਕਰਵਾਏ ਜਾਣਗੇ। ਯਾਦ ਰਹੇ ਕਿ ਇਹ ਇਮਤਿਹਾਨ ਆਮ ਤੌਰ ਤੇ ਅਪ੍ਰੈਲ ਦੇ ਪਹਿਲੇ ਹਫਤੇ ਵਿਚ ਹੁੰਦੇ ਹਨ ਪੰਜਾਬ ਵਿਚ ਵਿਗੜਦੀ ਅਮਨ ਕਾਨੂੰਨ ਦੀ ਅਵਸਥਾ ਕਾਰਨ ਸਥਗਿਤ ਕਰ ਦਿਤੇ ਸਨ। ਵਿਦਿਆ ਮੰਤਰੀ ਨੇ ਕਿਹਾ ਕਿ ਜੇ ਕਿਸੇ ਸ਼ਹਿਰ ਵਿਚ ਕਰਫਿਊ ਲਗਿਆ ਤਾਂ ਵੀ ਪੇਪਰ ਕੈਂਸਲ ਨਹੀਂ ਕੀਤੇ ਜਾਣਗੇ।

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

# ਕਮਿਸ਼ਨਾਂ ਦੇ ਛਣਕਣੇ

—ਪਿਆਰਾ ਸਿੰਘ ਭੋਗਲ—



ਪਿਆਰਾ ਸਿੰਘ ਭੋਗਲ

27 ਮਾਰਚ 1986 ਨੂੰ ਆਨੰਦਪੁਰ ਸਾਹਿਬ ਵਿਚ ਗੋਲੀ ਚੱਲੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫੈਡਰਸ਼ਨ ਦੇ ਵਿਖਾਵਾਕਾਰੀਆਂ ਨੇ ਲੌਂਗੋਵਾਲ ਅਕਾਲੀ ਦਲ ਦੀ ਕਾਨਫਰੰਸ ਦੀ ਸਟੇਜ ਵੱਲ ਵਧਣ ਦੀ ਕੋਸ਼ਿਸ਼ ਕੀਤੀ। ਸੁਰੱਖਿਆ ਦਸਤਿਆਂ ਨੇ ਗੋਲੀ ਚਲਾਈ। ਲਗਪਗ ਇਕ ਦਰਜਨ ਵਿਅਕਤੀ ਮਾਰੇ ਗਏ।

28 ਮਾਰਚ ਨੂੰ ਦਰੇਸੀ ਗਰਾਊਂਡ ਲੁਧਿਆਣਾ ਵਿਚ ਅਤੇ ਨੇੜੇ ਦੀਆਂ ਸੜਕਾਂ ਉਤੇ ਗੋਲੀਆਂ ਚਲੀਆਂ। ਨੌਂ ਵਿਅਕਤੀ ਮਾਰੇ ਗਏ ਤੇ ਬਹੁਤ ਸਾਰੇ ਜ਼ਖਮੀ ਹੋ ਗਏ।

29 ਮਾਰਚ, 1986 ਨੂੰ ਨਕੋਦਰ ਸ਼ਹਿਰ ਦੇ ਨੇੜੇ, ਤਿੰਨਾਂ ਪਿੰਡਾਂ ਮੱਲੀਆਂ ਕਲਾਂ, ਮੱਲੀਆਂ ਖੁਰਦ ਅਤੇ ਖਾਨਪੁਰ ਪਿੰਡਾਂ ਵਿਚ ਗੋਲੀਆਂ ਚੱਲੀਆਂ। ਇਥੇ ਵੀ ਦਸ ਵਿਅਕਤੀ ਮਾਰੇ ਗਏ।

### ਬੁਜ਼ਦਿਲੀ

29 ਮਾਰਚ ਨੂੰ ਆਨੰਦਪੁਰ ਸਾਹਿਬ ਵਿਚ ਮਾਰੇ ਗਏ ਵਿਖਾਵਕਾਰੀ ਸਾਰੇ ਸਿੱਖ ਸਨ। 28 ਤੇ 29 ਮਾਰਚ ਨੂੰ ਲੁਧਿਆਣੇ ਸ਼ਹਿਰ ਅਤੇ ਨਕੋਦਰ ਦੇ ਪਿੰਡਾਂ ਵਿਚ ਮਾਰੇ ਗਏ ਵਿਅਕਤੀ ਲਗਪਗ ਸਾਰੇ ਹਿੰਦੂ ਸਨ। ਪ੍ਰਤੀਤ ਹੁੰਦਾ ਹੈ ਕਿ ਲੁਧਿਆਣਾ ਤੇ ਨਕੋਦਰ ਦੇ ਗੋਲੀ ਕਾਂਡ ਆਨੰਦਪੁਰ ਸਾਹਿਬ ਦੇ ਗੋਲੀ ਕਾਂਡਾਂ ਦੇ ਜਵਾਬ ਵਿਚ ਅਤੇ ਬਦਲੇ ਦੀ ਭਾਵਨਾ ਨਾਲ ਰਚਾਏ ਗਏ। ਉਂਜ ਇਹ ਬਦਲਾ ਕਿਵੇਂ ਬਦਲਾ ਹੋਇਆ, ਇਸ ਦਾ ਜਵਾਬ ਤਾਂ ਮਾਰਨ ਵਾਲੇ ਹੀ ਦੇ ਸਕਦੇ ਹਨ। ਹਾਲਾਂਕਿ ਉਸ ਵਿਅਕਤੀ ਨੂੰ ਜੋ ਤੁਹਾਡਾ ਮੁਕਾਬਲਾ ਨਹੀਂ ਕਰ ਰਿਹਾ, ਜਿਸ ਨੇ ਸਿੱਧੇ ਤੌਰ 'ਤੇ ਤੁਹਾਡਾ ਕੁਝ ਵਿਗਾੜਿਆ ਹੀ ਨਹੀਂ, ਜੋ ਸੈਰ ਕਰ ਰਿਹਾ, ਕਸਰਤ ਕਰ ਰਿਹਾ, ਸੜਕ ਉਤੇ ਤੁਰਿਆ ਜਾ ਰਿਹਾ ਜਾਂ ਮਜ਼ਦੂਰੀ ਕਰਨ ਜਾ ਰਿਹਾ ਹੈ, ਅਨਭੋਲ ਗੋਲੀ ਮਾਰ ਦੇਣਾ ਨਾ ਕੇਵਲ ਬੁਜ਼ਦਿਲੀ ਹੈ ਸਗੋਂ ਮਹਾਂ ਪਾਪ ਹੈ।

ਪਰ ਇਸ ਵੇਲੇ ਅਸੀਂ ਇਨ੍ਹਾਂ ਘਟਨਾਵਾਂ ਦੇ ਨੈਤਿਕ ਪਹਿਲੂਆਂ ਬਾਰੇ ਨਹੀਂ ਸਗੋਂ ਇਨ੍ਹਾਂ ਵਿਚੋਂ ਪੈਦਾ ਹੋਏ ਰਾਜਨੀਤਕ ਨਤੀਜਿਆਂ ਬਾਰੇ ਗੱਲ ਕਰਨੀ ਹੈ, ਜਿਸ ਦੇ ਨਤੀਜੇ ਦੂਰ-ਰਸ ਨਿਕਲ ਰਹੇ ਹਨ ਤੇ ਨਿਕਲਣਗੇ।

ਹੋਲੇ ਮਹੱਲੇ ਤੋਂ ਪਹਿਲਾਂ ਪੰਜਾਬ ਦੀ ਅਕਾਲੀ ਸਰਕਾਰ ਸਿੱਖ ਪੰਥ ਵਿਚ ਆਪਣੇ ਰਾਜਨੀਤਕ ਵਿਰੋਧੀਆਂ ਜੋ ਇਸ ਵੇਲੇ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਮ ਨਾਲ ਜਾਣੇ ਜਾਂਦੇ ਹਨ, ਨਾਲ ਸਿੱਧੀ ਟੱਕਰ ਲੈਣ ਨੂੰ ਟਾਲ ਰਹੀ ਸੀ। ਭਾਈ ਮੋਹਕਮ ਸਿੰਘ ਨੂੰ ਬਿਆਸ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਉਨ੍ਹਾਂ ਦੇ ਸਮਰਥਕਾਂ ਨੂੰ ਆਨੰਦਪੁਰ ਸਾਹਿਬ ਵਿਚ ਕਾਨਫਰੰਸ ਕਰਨੋਂ ਰੋਕਿਆ ਨਹੀਂ ਗਿਆ ਸੀ। ਉਹ ਕਈ ਦਿਨ ਆਪਦਾ ਪੰਡਾਲ ਲਾਉਂਦੇ ਰਹੇ। ਅਕਾਲੀ ਕਾਨਫਰੰਸ ਦੇ ਪੰਡਾਲ ਤੋਂ ਦੋ ਸੌ ਗਜ਼ ਦੇ ਫਾਸਲੇ ਉਤੇ ਉਨ੍ਹਾਂ ਦੀ ਕਾਨਫਰੰਸ ਸਵੇਰ ਤੋਂ ਹੋ ਰਹੀ ਸੀ। ਬਿਹਤਰ ਸੀ, ਦੋਵੇਂ ਧਿਰਾਂ ਆਪਣੀ ਆਪਣੀ ਕਾਨਫਰੰਸ ਕਰਦੀਆਂ। ਇਕ ਦੂਜੇ ਉਤੇ ਨੁਕਤਾਚੀਨੀ ਕਰਦੀਆਂ। ਅਖਬਾਰੀ ਇਤਲਾਹਾਂ ਮੁਤਾਬਕ ਦਮਦਮੀ ਟਕਸਾਲ ਵਿਚ ਇਕੱਠ ਵੀ ਬਹੁਤਾ ਸੀ। ਇਹ ਆਪਣੇ ਆਪ ਵਿਚ ਰਾਜਨੀਤਕ ਪ੍ਰਾਪਤੀ ਸੀ। ਪਰ ਉਹ ਵਿਖਾਵਾ ਕਰਨ ਲਈ ਗਏ। ਪੁਲੀਸ ਦੇ ਰੋਕਣ ਉਤੇ ਵੀ ਨਾ ਰੁਕੇ। ਵਿਰੋਧੀ ਧਿਰ ਦੀ ਕਾਨਫਰੰਸ ਵਿਚ ਇਉਂ ਕਈ ਸੌ ਵਿਅਕਤੀਆਂ ਦਾ ਜਾਣ ਦਾ ਯਤਨ ਕਰਨਾ ਗੜਬੜ ਤੋਂ ਸਿਵਾਏ ਹੋਰ ਕੋਈ ਮਨੋਰਥ ਨਹੀਂ ਸਿੱਧ ਕਰ ਸਕਦਾ। ਖੈਰ! ਇਹ ਗੱਲ ਹੋਈ। ਗੋਲੀ ਚੱਲੀ। ਕਿੰਨੀਆਂ ਹੀ ਕੀਮਤੀ ਜਾਨਾਂ ਗਈਆਂ। ਮਾਰੇ ਗਏ ਲਗਪਗ ਸਭ ਵਿਅਕਤੀ ਤੀਹ ਸਾਲ ਤੋਂ ਘੱਟ ਉਮਰ ਦੇ ਸਨ। ਅਨੇਕਾਂ ਘਰਾਂ ਵਿਚ ਸੋਗ ਪੈ ਗਿਆ। ਸਿੱਖ ਜਾਤੀ ਵਿਚ ਆਪਸੀ ਵੈਰ-ਭਾਵ ਤੇ ਕੁੜੱਤਣ ਹੋਰ ਵਧੀ।

ਅਗਲੇ ਦੋ ਦਿਨ ਦੂਜੇ ਫਿਰਕੇ ਦੇ ਵਿਅਕਤੀਆਂ ਉਤੇ ਗੋਲੀਆਂ ਚੱਲੀਆਂ ਕੀਮਤੀ ਤੇ ਮਾਸੂਮ ਜਾਨਾਂ ਗਈਆਂ। ਹੋਰ ਅਨੇਕਾਂ ਘਰਾਂ ਵਿਚ ਸੋਗ ਪਿਆ। ਜਿਸ ਟੱਬਰ ਦਾ ਜੀਅ ਮਾਰਿਆ ਜਾਂਦਾ ਹੈ ਉਸ ਵਿਚ ਤੇ ਕਈ ਵਾਰ ਸਬੰਧਤ ਹੋਰ ਕਈ ਟੱਬਰਾਂ ਵਿਚ ਉਮਰ ਭਰ ਲਈ ਸੋਗ ਪੈ ਜਾਂਦਾ ਹੈ। ਜਿਸ ਪਤਨੀ ਦਾ ਪਤੀ, ਬੱਚਿਆਂ ਦਾ ਬਾਪ, ਮਾਂ ਪਿਉ ਦਾ ਪਲਿਆ ਪਲਾਇਆ ਪੁੱਤਰ ਅਤੇ ਟੱਬਰ ਦਾ ਕਮਾਊ ਵਿਅਕਤੀ ਮਾਰਿਆ ਜਾਂਦਾ ਹੈ, ਚਾਹੇ ਉਹ ਹਿੰਦੂ ਹੈ ਜਾਂ ਸਿੱਖ, ਉਸ ਦਾ ਦੁੱਖ ਅਤੇ ਘਾਟਾ ਉਹ ਹੀ ਜਾਣਦੇ ਹਨ, ਜਿਨ੍ਹਾਂ ਉਤੇ ਇਹ ਭਾਣਾ ਵਰਤਦਾ ਹੈ।

ਜਿਸ ਦਿਨ ਆਨੰਦਪੁਰ ਸਾਹਿਬ ਵਿਚ ਗੋਲੀ ਚੱਲੀ, ਪੰਜਾਬ ਦੇ ਕੁਝ ਹਲਕੇ ਨਾਰਾਜ਼ ਅਤੇ ਗੁੱਸੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਬਰਨਾਲਾ ਸਰਕਾਰ ਨੇ "ਦਿੱਲੀ ਦਰਬਾਰ" ਦੇ ਹੁਕਮਾਂ ਮੁਤਾਬਕ ਸਾਡੇ ਆਦਮੀਆਂ ਨਾਲ ਟਕਰ ਲਈ ਹੈ ਤੇ ਸਾਡੇ ਉਤੇ ਜ਼ੁਲਮ ਕੀਤਾ ਹੈ। ਪਰ ਰਾਜਨੀਤਕ ਤੇ ਸੰਪਰਦਾਇਕ ਤੁਅਸਬਾਂ ਅਤੇ ਵਿਰੋਧਾਂ ਦੇ ਫਲ-ਸਰੂਪ, ਪੰਜਾਬ ਤੋਂ ਦਿੱਲੀ ਤੱਕ ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਸਿਰਫ ਹਿੰਦੂ ਹੀ ਨਹੀਂ, ਸਿੱਖ ਵੀ ਸ਼ਾਮਲ ਸਨ, ਖੁਸ਼ ਸਨ, ਕਿਉਂਕਿ ਉਹ ਸਮਝਦੇ ਸਨ ਕਿ ਕਥਿਤ ਅਤਿਵਾਦੀਆਂ ਨਾਲ ਟੱਕਰ ਇਕ ਦਿਨ ਲੈਣੀ ਹੀ ਪੈਣੀ ਸੀ।

ਅਗਲੇ ਦੋ ਦਿਨਾਂ ਦੀਆਂ ਘਟਨਾਵਾਂ ਨੇ ਇਹ "ਟੱਕਰ" ਲੈਣ ਵਾਲੀ ਦਲੀਲ ਹੋਰ ਪੱਕੀ ਕਰ ਦਿੱਤੀ। ਜਿਨ੍ਹਾਂ ਨੇ ਲੁਧਿਆਣੇ ਅਤੇ ਨਕੋਦਰ ਵਿਚ ਗੋਲੀਆਂ ਚਲਾਈਆਂ, ਉਨ੍ਹਾਂ ਨੇ ਆਪਣੇ ਵਲੋਂ ਤਾਂ "ਬਦਲਾ" ਲਿਆ ਤੇ ਆਪਣਾ ਹੱਥ ਉਤੇ ਕਰਨ ਦਾ ਯਤਨ ਕੀਤਾ, ਪਰ ਅਮਲੀ ਤੌਰ 'ਤੇ ਉਨ੍ਹਾਂ ਨੇ ਆਪਣੇ ਵਿਰੋਧੀਆਂ, ਖਾਸ ਤੌਰ 'ਤੇ ਕੇਂਦਰ ਸਰਕਾਰ ਦਾ ਹੱਥ ਉਤੇ ਕਰ ਦਿੱਤਾ।

### ਸਮੱਸਿਆ

27,28 ਅਤੇ 29 ਮਾਰਚ ਦੇ ਖੂਨੀ ਕਾਂਡਾਂ ਤੋਂ ਪਹਿਲਾਂ ਪੰਜਾਬ ਦੀ ਅਕਾਲੀ ਸਰਕਾਰ ਅਤੇ ਪੰਜਾਬ ਸਮਝੌਤੇ ਦੇ ਅਨੇਕ ਗੈਰ-ਸਿੱਖ ਸਮਰਥਕਾਂ ਦੀ ਰਾਏ ਸੀ ਕਿ ਪੰਜਾਬ ਦੀ ਸਮੱਸਿਆ ਸਿਰਫ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਨਹੀਂ, ਇਹ ਤਾਂ ਪੰਜਾਬ ਨਾਲ ਅਤੇ ਸਿੱਖਾਂ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਦਾ ਫਲ ਹੈ। 38 ਸਾਲ ਤੋਂ ਕੇਂਦਰ ਦੀ ਕਾਂਗਰਸ ਲੀਡਰਸ਼ਿਪ ਅਤੇ ਪੰਜਾਬ ਦੇ ਆਰੀਆ ਸਮਾਜੀ ਅੰਸ਼ ਪੰਜਾਬ ਦੀਆਂ ਠੀਕ ਭਾਵਨਾਵਾਂ ਨੂੰ ਨਾ ਸਮਝਕੇ, ਪੰਜਾਬ ਦੀ ਸ਼ਨਾਖਤ ਨੂੰ ਨਾ ਪਰਵਾਨ ਕਰਕੇ, ਇਸ ਸਮੱਸਿਆ ਲਈ ਭਾਵਕ ਆਧਾਰ ਤਿਆਰ ਕਰਦੇ ਰਹੇ ਹਨ। ਜਨਤਾ ਪਾਰਟੀ ਦੇ ਰਾਜ-ਕਾਲ ਵਿਚ ਅਕਾਲੀਆਂ ਵਿਰੁੱਧ ਕੁਝ "ਅਤਿਵਾਦੀ" ਖੜ੍ਹੇ ਕਰਕੇ ਕਾਂਗਰਸ ਨੇ ਆਪਣੇ ਚਿੱਤੋਂ ਰਾਜਨੀਤਕ ਖੇਡ ਖੇਡੀ ਸੀ, ਪਰ 1980 ਤੋਂ ਬਾਅਦ ਇਹੋ ਅਤਿਵਾਦੀ ਲੋਕ ਪੰਜਾਬ ਅਤੇ ਸਿੱਖਾਂ ਨਾਲ 38 ਸਾਲ ਤੋਂ ਹੁੰਦੇ ਰਹੇ "ਵਿਤਕਰਿਆਂ" ਦੇ ਤੱਤੇ ਬੁਲਾਰੇ ਬਣ ਗਏ, ਰਾਜਨੀਤਕ ਤੇ ਸੰਪਰਦਾਇਕ "ਦੋਸ਼ੀਆਂ ਤੇ ਗਦਾਰਾਂ" ਨੂੰ ਗੋਲੀ ਨਾਲ ਸਜ਼ਾ ਦੇਣ ਲਗ ਪਏ, ਜੋ ਹੁਣ ਤੱਕ ਜਾਰੀ ਹੈ। ਇਨ੍ਹਾਂ ਨੂੰ ਜਵਾਬੀ ਸਜ਼ਾ ਦੇਣ ਲਈ ਪੰਜਾਬ ਵਿਚ ਸੈਨਾ ਭੇਜੀ ਗਈ, ਪੰਜਾਬ ਤੋਂ ਬਾਹਰ ਸਿੱਖ ਵਿਰੋਧੀ ਦੰਗੇ ਕਰਵਾਏ ਗਏ। ਇਉਂ ਸਿੱਖਾਂ ਨਾਲ ਵਿਤਕਰਿਆਂ ਅਤੇ ਜ਼ੁਲਮਾਂ ਦੀ ਦਾਸਤਾਨ ਹੋਰ ਲੰਬੀ ਹੋ ਗਈ। ਸੋ, ਅਤਿਵਾਦੀਆਂ ਪਾਸੋਂ ਭਾਵਕ ਆਧਾਰ ਖੋਹਣ ਲਈ, ਜੇ ਜ਼ਿਆਦਾ ਨਹੀਂ ਤਾਂ, ਪੰਜਾਬ ਸਮਝੌਤਾ ਸਿਦਕ-ਦਿਲੀ ਨਾਲ ਅਤੇ ਤੇਜ਼ੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਸੀ।

ਪਰ ਪਿੱਛੋਂ ਜੋ ਹੋਇਆ ਹੈ, ਉਸ ਤੋਂ ਸਿੱਧ ਹੁੰਦਾ ਹੈ ਕਿ ਜੋ ਹੋਣਾ ਚਾਹੀਦਾ ਸੀ ਤੇ ਚਾਹੀਦਾ ਹੈ, ਉਹ ਨਹੀਂ ਹੋਇਆ।

ਸ੍ਰੀ ਅਰਜਨ ਸਿੰਘ ਤੇ ਅਰੁਣ ਨਹਿਰੂ ਤੁਰਤ ਚੰਡੀਗੜ੍ਹ ਆਏ, ਲੁਧਿਆਣੇ ਅਤੇ ਅੰਮ੍ਰਿਤਸਰ ਗਏ। ਇਹ ਦੋਵੇਂ ਸੱਜਣ 28 ਮਾਰਚ ਦੀ ਸ਼ਾਮ ਤੱਕ ਚੰਡੀਗੜ੍ਹ ਆ ਗਏ ਸਨ, ਜਿਸ ਦਿਨ ਸਵੇਰੇ ਲੁਧਿਆਣੇ ਗੋਲੀਆਂ ਚੱਲੀਆਂ। ਉਸੇ ਦਿਨ ਹੀ ਕਈ ਸਿਆਣੇ ਪੰਜਾਬੀ ਇਕ ਦੂਜੇ ਨੂੰ ਪ੍ਰਸ਼ਨ ਕਰ ਰਹੇ ਸਨ ਕਿ ਕੀ ਕੇਂਦਰ ਉਦੋਂ ਹੀ ਹਰਕਤ ਵਿਚ ਆਉਂਦਾ ਹੈ, ਜਦੋਂ ਕਥਿਤ ਅਤਿਵਾਦੀ ਅਚਾਨਕ ਇਕੋ ਦਿਨ ਕਾਫੀ ਗਿਣਤੀ ਵਿਚ ਮਾਸੂਮ ਲੋਕਾਂ ਨੂੰ, ਖਾਸ ਤੌਰ 'ਤੇ ਇਕ ਫਿਰਕੇ ਦੇ ਲੋਕਾਂ ਨੂੰ ਮਾਰ ਦੇਣ? 1984 ਤੋਂ ਪਹਿਲਾਂ ਵੀ ਬੱਸਾਂ ਵਿਚੋਂ ਕੱਢ ਕੇ ਮਾਰੇ ਗਏ ਵਿਅਕਤੀਆਂ ਦੀ ਖਬਰ ਪਹੁੰਚਦੇ ਸਾਰ ਸ੍ਰੀਮਤੀ ਇੰਦਰਾ ਗਾਂਧੀ ਹਰਕਤ ਵਿਚ ਆਈ ਸੀ? ਕੀ ਬਹੁਤ ਸਾਰੇ ਲੋਕਾਂ ਦੇ ਮਾਰੇ ਜਾਣ ਜਾਂ ਮਾਰ ਦਿੱਤੇ ਜਾਣ ਤੋਂ ਬਿਨਾਂ ਇਹ ਕੇਂਦਰ ਦੇ ਨੇਤਾ ਸਥਿਤੀ ਦੀ ਨਜ਼ਾਕਤ ਨੂੰ ਸਮਝਣ ਦੇ ਸਮਰਥ ਨਹੀਂ? ਲੋਕਾਂ ਨੂੰ ਅੰਞਾਈਂ ਡੁਲ੍ਹਦਾ ਖੂਨ ਹੀ ਇਨ੍ਹਾਂ ਦੀ ਕੁੰਭ-ਕਰਨੀ ਨੀਂਦ ਤੋਂ ਇਨ੍ਹਾਂ ਨੂੰ ਜਗਾਉਂਦਾ ਹੈ? ਇਹ ਲੋਕ ਪਹਿਲਾਂ ਪੰਜਾਬ ਵੱਲ ਨੂੰ ਕਿਉਂ ਨਹੀਂ ਭੱਜੇ?

ਖੈਰ! ਇਹ ਮਹਾਂ ਪੁਰਖ ਆ ਗਏ। ਪਰ ਇਨ੍ਹਾਂ ਦੇ ਹਰਕਤ ਵਿਚ ਆਉਣ ਦਾ ਨਤੀਜਾ ਕੀ ਨਿਕਲਿਆ?

### ਐਲਾਨ

ਸ੍ਰੀ ਅਰੁਣ ਨਹਿਰੂ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ਼ਾਰਾ ਕੀਤਾ ਸੀ ਕਿ ਛੇਤੀ ਹੀ ਤੁਹਾਡੇ ਚਿਹਰਿਆਂ ਉਤੇ ਮੁਸਕਰਾਹਟ ਲਿਆਉਣ ਵਾਲਾ ਐਲਾਨ ਹੋਣ ਵਾਲਾ ਹੈ। ਉਦੋਂ ਇਹ ਸਮਝਿਆ ਗਿਆ ਸੀ ਕਿ ਕੇਂਦਰ ਹਰਿਆਣਾ ਨੂੰ ਪੰਜਾਬ ਵਲੋਂ ਪੇਸ਼ ਕੀਤੇ ਜਾ ਚੁੱਕੇ ਕੁਝ ਪਿੰਡ ਲੈ ਲੈਣ ਲਈ ਮਨਾ ਲਏਗਾ ਤੇ ਕਿਸੇ ਹੋਰ ਕਮਿਸ਼ਨ ਦੀ ਨਿਯੁਕਤੀ ਤੋਂ ਬਿਨਾਂ ਹੀ 13 ਅਪਰੈਲ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦੇਵੇਗਾ। ਪਰ ਹੁਣ ਮਦਾਰੀ ਦੇ ਥੈਲੇ ਵਿਚ ਲੁਕਾਇਆ ਹੋਇਆ ਛਣਕਣਾ ਬਾਹਰ ਆ ਗਿਆ ਹੈ। 2 ਅਪਰੈਲ ਨੂੰ ਚੰਡੀਗੜ੍ਹ ਬਦਲੇ ਹਿੰਦੀ-ਭਾਸ਼ੀ ਪਿੰਡ ਲੱਭਣ ਲਈ ਇਕ ਹੋਰ ਕਮਿਸ਼ਨ ਸੁਪਰੀਮ ਕੋਰਟ ਦੇ ਜੱਜ ਸ੍ਰੀ ਵੈਂਕਟਾਰਮਈਆ ਦੀ ਅਗਵਾਈ ਹੇਠਾਂ ਨਿਯੁਕਤ ਕਰ ਦਿੱਤਾ ਗਿਆ ਹੈ। ਇਹ ਕਮਿਸ਼ਨ 31 ਮਈ ਤਕ ਰਿਪੋਰਟ ਪੇਸ਼ ਕਰੇਗਾ, ਅਗਲੇ ਤਿੰਨ ਹਫਤਿਆਂ ਤਕ ਇਹ ਰਿਪੋਰਟ ਲਾਗੂ ਹੋਏਗੀ। ਸੋ, ਜੂਨ ਦੇ ਅੰਤ ਤੱਕ ਚੰਡੀਗੜ੍ਹ ਦਾ ਤਬਾਦਲਾ ਇਕ ਵਾਰ ਫੇਰ ਟਾਲ ਦਿੱਤਾ ਗਿਆ ਹੈ, ਹਾਲਾਂਕਿ ਸ. ਬਰਨਾਲਾ ਪੰਜਾਬ ਵਿਧਾਨ ਸਭਾ ਵਿਚ ਕਹਿ ਚੁੱਕੇ ਸਨ ਕਿ 31 ਮਾਰਚ ਜਾਂ 13 ਅਪ੍ਰੈਲ ਤਕ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਏਗਾ।

ਪਹਿਲੀ ਗੱਲ ਤਾਂ ਸ੍ਰੀ ਰਾਜੀਵ ਗਾਂਧੀ ਤੇ ਸ੍ਰੀ ਅਰੁਣ ਕੋਲੋਂ ਪੁੱਛਣ ਵਾਲੀ ਇਹ ਹੈ ਕਿ ਕੀ ਪੰਜਾਬ ਦੇ ਹਿੰਦੀ-ਭਾਸ਼ੀ ਪਿੰਡ ਤੂੜੀ ਵਿਚ ਖਿਲਰੇ ਦਾਣੇ ਹਨ, ਜੋ ਇਕ ਜੱਜ ਨੇ ਬੜੀ ਮਿਹਨਤ ਨਾਲ ਚੁਗਣੇ ਹਨ। ਹਰਿਆਣੇ ਦੇ ਦਾਅਵੇ ਮੁਤਾਬਕ ਅਬੋਹਰ-ਫਾਜ਼ਿਲਕਾ ਦੇ ਪਿੰਡ ਹੀ ਪ੍ਰਮਾਣਿਕ ਹਿੰਦੀ-ਭਾਸ਼ੀ ਹਨ, ਜਿਨ੍ਹਾਂ ਉਤੇ ਉਸ ਦਾ ਦਾਅਵਾ ਰੱਦ ਹੋ ਚੁੱਕਾ ਹੈ। ਬਾਕੀ ਜੇ ਕੋਈ ਪਿੰਡ ਹਨ ਤਾਂ ਉਹ ਪੰਜਾਬ ਸਰਕਾਰ ਲਿਖਤੀ ਤੌਰ 'ਤੇ ਮੈਥਿਊ ਕਮਿਸ਼ਨ ਨੂੰ ਸੂਚਿਤ ਕਰ ਚੁੱਕੀ ਹੈ। ਹੋਰ ਕਿਹੜੇ ਪਿੰਡ ਲੱਭਣੇ ਹਨ? ਫੇਰ, ਇਹ ਜਸਟਿਸ ਵੈਂਕਟਾਰਮਈਆ ਦਾ ਕਮਿਸ਼ਨ ਨਿਯੁਕਤ ਕਰਨ ਦਾ ਕੀ ਭਾਵ? ਸਿਵਾਏ ਇਸ ਗੱਲ ਦੇ ਕਿ ਹਰਿਆਣੇ ਦੇ ਭੜਕਾਏ ਜਾ ਚੁੱਕੇ ਜਜ਼ਬਿਆਂ ਨੂੰ ਕੁਝ ਹਫਤੇ ਹੋਰ ਠੰਡਾ ਰੱਖਿਆ ਜਾਏ, ਜਾਂ ਜੇ ਹੋ ਸਕੇ, ਤਾਂ ਅਗਲੇ ਹਫਤਿਆਂ ਵਿਚ ਮੁਨਾਸਬ ਮੌਕਾ ਦੇਖ ਕੇ ਹਰਿਆਣਾ ਵਿਧਾਨ ਸਭਾ ਦੀ ਚੋਣ ਕਰਵਾ ਲਈ ਜਾਏ?

ਇਸ ਤੋਂ ਵੀ ਵੱਡਾ ਪ੍ਰਸ਼ਨ ਇਹ ਹੈ ਕਿ ਪੰਜਾਬ ਸਮਝੌਤੇ ਦੀ ਇਕ ਹੋਰ ਮੱਦ ਅਨੁਸਾਰ ਦੋਹਾਂ ਸੂਬਿਆਂ ਦੇ ਸਰਹੱਦੀ ਦਾਅਵਿਆਂ ਬਾਰੇ ਇਕ ਹੋਰ ਕਮਿਸ਼ਨ ਵੀ ਬਣਾਇਆ ਜਾਣਾ ਹੈ। ਸ੍ਰੀ ਰਾਜੀਵ ਗਾਂਧੀ ਨੇ 2 ਅਪ੍ਰੈਲ ਨੂੰ ਲੋਕ ਸਭਾ ਵਿਚ ਕਿਹਾ ਕਿ "ਪੰਜਾਬ ਸਮਝੌਤਾ" ਟੁਕੜਿਆਂ ਵਿਚ ਨਹੀਂ, ਸਗੋਂ ਇਕ ਹੀ ਵਾਰ ਲਾਗੂ ਕਰਨਾ ਹੈ। ਤਾਂ ਫੇਰ, ਇਹ ਦੂਜਾ ਇਲਾਕਾਈ ਕਮਿਸ਼ਨ ਕਿਹੜੀ ਚਾਨਣੀ ਦੀਵਾਲੀ ਨੂੰ ਬਣਾਇਆ ਜਾਣਾ ਹੈ? ਜੇ ਸ੍ਰੀ ਵੈਂਕਟਾਰਮਈਆ ਦਾ ਕਮਿਸ਼ਨ ਬਣਿਆ ਹੀ ਸੀ, ਤਾਂ ਇਸੇ ਨੂੰ ਕਿਉਂ ਨਾ ਕਿਹਾ ਗਿਆ ਕਿ ਦੋਹਾਂ ਸੂਬਿਆਂ ਦੀਆਂ ਸਰਹੱਦਾਂ ਉਤੇ ਜਿਹੜੇ ਵੀ ਪੰਜਾਬੀ ਭਾਸ਼ੀ ਤੇ ਹਿੰਦੀ ਭਾਸ਼ੀ ਪਿੰਡ ਹਨ, ਉਹ ਚੁਣੇ ਜਾਣ। ਕੰਦੂਖੇੜਾ ਤੋਂ ਸ਼ੁਰੂ ਹੋ ਕੇ ਹਰਿਆਣੇ ਦੀ ਸਰਹੱਦ ਦੇ ਅੰਦਰ, ਪੰਜਾਬ ਸਰਕਾਰ ਦੇ ਕਹਿਣ ਮੁਤਾਬਕ ਕਈ ਸੌ ਪੰਜਾਬੀ ਭਾਸ਼ੀ ਪਿੰਡ ਹਨ। ਉਨ੍ਹਾਂ ਦਾ

ਬਾਕੀ ਪੰਨਾ 5 ਤੇ

# ਲਿੰਕ ਨਹਿਰ ਦਾ ਕੰਮ ਨਵੇਂ ਅਦਾਰੇ ਨੂੰ ਦੇਣ ਦਾ ਵਿਰੋਧ

ਰੋਪੜ — ਪੰਜਾਬ ਸਿਚਾਈ ਵਿਭਾਗ ਦੀ ਡਿਪਲੋਮਾ ਇੰਜਨੀਅਰ ਐਸੋ: ਨੇ ਸਤਲੁਜ-ਯਮਨਾ ਲਿੰਕ ਨਹਿਰ ਦੇ ਨਿਰਮਾਣ ਦਾ ਕੰਮ ਕਿਸੇ ਪਬਲਿਕ ਅਦਾਰੇ ਨੂੰ ਦੇਣ ਸਬੰਧੀ ਪੰਜਾਬ ਸਰਕਾਰ ਦੇ ਫੈਸਲੇ ਦੀ ਸਖਤ ਵਿਰੋਧਤਾ ਕੀਤੀ ਹੈ। ਐਸੋ: ਦੇ ਜਨਰਲ ਸਕੱਤਰ ਸ੍ਰੀ ਹਰਦੀਪ ਸਿੰਘ ਸੰਧੂ ਨੇ ਇਥੇ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਸਿੰਚਾਈ ਵਿਭਾਗ ਦੇ ਕਰਮਚਾਰੀ ਨਹਿਰ ਨੂੰ ਘੱਟੋ ਘੱਟ ਸਮੇਂ ਵਿਚ ਬਣਾਉਣ ਲਈ ਪੂਰੀ ਤਰ੍ਹਾਂ ਸਮਰਥ ਹਨ। ਸ੍ਰੀ ਸੰਧੂ ਨੇ ਕਿਹਾ ਕਿ ਨਹਿਰ ਬਣਾਉਣ ਦਾ ਕੰਮ ਜਿਥੇ ਜਿਥੇ ਸਰਕਾਰ ਵਲੋਂ ਜ਼ਮੀਨ ਖਰੀਦ ਕੇ ਸਿੰਚਾਈ ਵਿਭਾਗ ਦੇ ਹਵਾਲੇ ਕੀਤਾ ਗਿਆ ਹੈ ਉਥੇ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਰਫ ਕੁਝ ਹਿੱਸੇ ਵਿਚ ਜਿਥੇ ਨਹਿਰ ਦੀ ਸੇਧ ਸਬੰਧੀ ਫੈਸਲਾ ਰਾਜਸੀ ਅਤੇ ਸਰਕਾਰੀ ਪੱਧਰ ਉਤੇ ਹੋਣਾ ਬਾਕੀ ਹੈ ਅਜੇ ਕੰਮ ਨਹੀਂ ਚਲ ਰਿਹਾ।

ਸ੍ਰੀ ਸੰਧੂ ਨੇ ਕਿਹਾ ਕਿ ਪੰਜਾਬ ਸਿੰਚਾਈ ਵਿਭਾਗ ਨੇ ਬਹੁਤ ਵੱਡੇ ਵੱਡੇ ਪਰਾਜੈਕਟ ਬਣਾਏ ਹਨ ਤੇ ਥੀਨ ਡੈਮ ਬਣਾਉਣ ਦਾ ਮੌਕਾ ਵੀ ਸਿੰਚਾਈ ਵਿਭਾਗ ਨੂੰ ਮਿਲਣਾ ਚਾਹੀਦਾ ਹੈ ਅਤੇ ਜੇਕਰ ਕਿਸੇ ਹੋਰ ਸੰਸਥਾ ਨੂੰ ਇਹ ਪਰਾਜੈਕਟ ਦਿਤਾ ਗਿਆ ਤਾਂ ਸਿੰਚਾਈ ਵਿਭਾਗ ਦੇ ਇੰਜਨੀਅਰ ਇਸ ਦਾ ਸਖਤ ਵਿਰੋਧ ਕਰਨਗੇ। ਇਸੇ ਦੌਰਾਨ ਐਸੋ: ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਵਲੋਂ ਬਦਲੀਆਂ ਸਬੰਧੀ ਨਿਯਮਾਂ ਦੀ ਉਲੰਘਣਾ ਕਰਕੇ ਜੂਨੀਅਰਾਂ ਇੰਜਨੀਅਰਾਂ ਦੀਆਂ ਕੀਤੀਆਂ ਗਈਆਂ ਤਬਦੀਲੀਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਮੀਟਿੰਗ ਵਿਚ ਸਰਕਾਰ ਵਲੋਂ 100 ਐਸ. ਡੀ. ਓ. ਦੀਆਂ ਨਵੀਆਂ ਅਸਾਮੀਆਂ ਬਾਹਰੋਂ ਭਰਨ ਦੇ ਫੈਸਲੇ ਦਾ ਵੀ ਸਖਤ ਵਿਰੋਧ ਕੀਤਾ ਗਿਆ। ਐਸੋ: ਦੇ ਮੈਂਬਰਾਂ ਨੇ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਉਸ ਪਾਸ ਐਸ. ਡੀ. ਓ. ਦੀ ਕੋਈ ਆਸਾਮੀ ਖਾਲੀ ਨਹੀਂ ਅਤੇ ਇਸ ਨੇ 156 ਜੂਨੀਅਰ ਇੰਜਨੀਅਰ ਜਿਨ੍ਹਾਂ ਨੂੰ ਤਰੱਕੀ ਦੇ ਕੇ ਐਸ ਡੀ ਓ ਬਣਾ ਦਿਤਾ ਗਿਆ ਸੀ ਦੇ ਤਰੱਕੀ ਦੇ ਹੁਕਮ ਇਸ ਕਰਕੇ ਵਾਪਸ ਲੈ ਲਏ ਸਨ ਕਿ ਅਸਾਮੀਆਂ ਖਾਲੀ ਨਹੀਂ ਤੇ ਦੂਸਰੇ ਪਾਸੇ ਸਰਕਾਰ ਬਾਹਰੋਂ ਨਵੇਂ ਐਸ ਡੀ ਓ ਭਰਤੀ ਕਰ ਰਹੀ ਹੈ।

ਪੰਨਾ 4 ਦੀ ਬਾਕੀ

ਨਿਰਣਾ ਕਦੋਂ ਹੋਣਾ ਹੈ? ਕੀ ਇਹ ਵਾਦ-ਵਿਵਾਦ ਸਾਲਾਂ ਬੱਧੀ ਜਾਰੀ ਰੱਖਿਆ ਜਾਣਾ ਹੈ? ਜੱਜਾਂ ਤੋਂ ਭਾਸ਼ਾ ਦੇ ਆਧਾਰ ਉਤੇ ਪਿੰਡਾਂ ਦਾ ਫੈਸਲਾ ਕਰਵਾਉਣਾ ਗਲਤ ਤਰੀਕਾ ਹੈ। ਜਸਟਿਸ ਮੈਥਿਊ ਨੇ ਅਬੋਹਰ-ਫਾਜ਼ਿਲਕਾ ਦੇ ਪਿੰਡਾਂ ਵਿਚ ਰਾਏਸ਼ੁਮਾਰੀ ਕਰਾਉਣ ਦਾ ਕਿੱਡਾ ਖਤਰਨਾਕ ਤੇ ਗਲਤ ਕਦਮ ਚੁਕਵਾਇਆ? ਕਿਉਂ ਨਹੀਂ ਭਾਸ਼ਾਈ ਮਾਹਰਾਂ ਦਾ ਕਮਿਸ਼ਨ ਬਣਾਇਆ ਜਾਂਦਾ? ਘੱਟ ਤੋਂ ਘੱਟ ਇਹ ਤਾਂ ਹੋ ਸਕਦਾ ਸੀ ਕਿ ਜਸਟਿਸ ਵੈਂਕਟਾਰਮਈਆ ਨਾਲ ਪੂਰਬੀ ਭਾਰਤ ਤੇ ਦੱਖਣੀ ਭਾਰਤ ਦੇ ਦੋ ਭਾਸ਼ਾਈ ਵਿਸ਼ੇਸ਼ਗ ਨਿਯੁਕਤ ਕਰਕੇ ਤਿੰਨ ਮੈਂਬਰੀ ਕਮਿਸ਼ਨ ਨਿਯੁਕਤ ਕਰ ਦਿੱਤਾ ਜਾਂਦਾ?

ਅਸੀਂ ਸਾਰੇ ਪੰਜਾਬ ਸਮਝੌਤੇ ਦੇ ਸਮਰਥਕ ਰਹੇ ਹਾਂ ਪਰ ਹੁਣ ਅਕਾਲੀਆਂ ਨੂੰ ਇਹ ਪ੍ਰਸ਼ਨ ਪੁੱਛਣ ਨੂੰ ਚਿੱਤ ਕਰਦਾ ਹੈ ਕਿ ਹੁਣ ਤੱਕ ਪੰਜਾਬ ਸਮਝੌਤੇ ਵਿਚੋਂ ਪੰਜਾਬ ਨੂੰ ਕੀ ਮਿਲਿਆ? ਅਕਾਲੀਆਂ ਪਾਸ ਰਾਜਨੀਤਕ ਪ੍ਰਾਪਤੀ ਕਿਹੜੀ ਹੈ? ਚੋਣਾਂ ਜਿੱਤਣਾਂ ਵੱਡੀ ਰਾਜਨੀਤਕ ਪ੍ਰਾਪਤੀ ਸੀ, ਪਰ ਉਸ ਤੋਂ ਬਾਅਦ ਸਿੱਖਾਂ ਨੂੰ ਅਤੇ ਪੰਜਾਬ ਨੂੰ ਕੀ ਮਿਲਿਆ?

ਕੇਂਦਰ 27,28,29 ਮਾਰਚ ਦੀਆਂ ਭਿਆਨਕ ਤੇ ਦੁਖਦਾਈ ਖੂਨੀ ਘਟਨਾਵਾਂ ਤੋਂ ਬਾਅਦ ਪੰਜਾਬ ਨਾਲ ਅਤੇ ਅਕਾਲੀਆਂ ਨਾਲ ਫੇਰ ਪੱਤੇਬਾਜ਼ੀ ਕਰ ਗਿਆ ਹੈ। ਕੇਂਦਰ ਆਪਣੀ ਇਹ ਪੁਰਾਣੀ ਰੱਟ ਮੰਨਵਾ ਗਿਆ ਹੈ ਕਿ ਪੰਜਾਬ ਸਮਝੌਤੇ ਦੇ ਲਾਗੂ ਹੋਣ ਜਾਂ ਨਾ ਹੋਣ ਨਾਲ ਪੰਜਾਬ ਦੇ ਅਤਿਵਾਦ ਦੀ ਸਮੱਸਿਆ ਦਾ ਕੋਈ ਸਬੰਧ ਨਹੀਂ। ਉਨ੍ਹਾਂ ਕਮਿਸ਼ਨ ਦੇ ਛਣਕਣੇ ਛਣਕਾ ਦਿੱਤੇ ਹਨ। ਪੁਲੀਸ ਮੁਖੀ ਬਦਲ ਦਿਤਾ ਹੈ। ਸੁਰੱਖਿਆ ਦਸਤੇ ਹੋਰ ਭੇਜ ਦਿਤੇ ਹਨ। ਇਉਂ ਪੰਜਾਬ ਸਰਕਾਰ ਨੂੰ ਇਸ਼ਾਰਾ ਕੀਤਾ ਹੈ ਕਿ ਆਪਣੇ ਅਤਿਵਾਦੀ ਮੁੰਡਿਆਂ ਨੂੰ ਫੜੋ। ਪੰਜਾਬ ਸਮਝੌਤੇ ਬਾਰੇ ਅਤੇ ਪੰਜਾਬ ਦੀਆਂ ਨਾਰਾਜ਼ ਭਾਵਨਾਵਾਂ ਬਾਰੇ ਕੋਈ ਗੱਲ ਨਾ ਕਰੋ। ਨਵੰਬਰ 1984 ਦੇ ਦੰਗਿਆਂ ਦੇ ਕਾਂਗਰਸੀ ਅਪਰਾਧੀਆਂ ਬਾਰੇ ਤਾਂ ਸਦਾ ਲਈ ਭੁੱਲ ਹੀ ਜਾਉ।

**ਨੀਤੀ**

ਪੰਜਾਬ ਦੇ ਤੱਤੇ ਅੰਸ਼ ਵੀ ਦਿਲਾਂ ਵਿਚ ਕੰਘੀ ਮਾਰਨ। ਪਿਛਲੇ ਦਿਨਾਂ ਦੀਆਂ ਖੂਨੀ ਘਟਨਾਵਾਂ ਵਿਚੋਂ ਆਖਰ ਕੀ ਨਿਕਲਿਆ? ਪੰਜਾਬ ਵਿਚ ਫਿਰਕੂ ਪਾੜ ਹੋਰ ਵਧੇਗਾ। ਅਤਿਵਾਦੀਆਂ ਦੀ ਤਲਾਸ਼ ਵਿਚ ਹੋਰ ਸਖਤੀ ਹੋਵੇਗੀ। ਜੋਧਪੁਰ ਦੇ ਨਜ਼ਰਬੰਦ ਅੱਗੋਂ ਵੀ ਨਜ਼ਰਬੰਦ ਹੀ ਰਹਿਣਗੇ। ਪੰਜਾਬ ਦੀਆਂ ਪਿਲਚੀਆਂ ਗੰਢਾਂ ਹੋਰ ਪਿਲਚਣਗੀਆਂ। ਗਰੀਬ ਲੋਕ, ਜੋ ਰੋਟੀ ਮੰਗਦੇ ਹਨ, ਪਹਿਲਾਂ ਵਾਂਗ ਹੀ ਗਰੀਬੀ ਦੀ ਦਲਦਲ ਵਿਚ ਧੱਸੇ ਰਹਿਣਗੇ। ਪਾੜੋ ਤੇ ਰਾਜ ਕਰੋ ਵਾਲੇ ਆਪਣੀ ਨੀਤੀ ਨਹੀਂ ਬਦਲਣਗੇ।

# ਭੀੜ ਨੂੰ ਖਿੰਡਾਉਣ ਲਈ ਹਵਾ ਵਿਚ ਗੋਲੀ

ਚੰਡੀਗੜ੍ਹ — ਬਟਾਲਾ ਨੇੜੇ ਪੁਲੀਸ ਤੋਂ ਸ਼ੱਕੀ ਅਤਿਵਾਦੀ ਰਿਹਾਅ ਕਰਾਉਣ ਦਾ ਯਤਨ ਕਰ ਰਹੀ ਭੀੜ ਨੂੰ ਖਿੰਡਾਉਣ ਲਈ ਪੁਲੀਸ ਨੇ ਹਵਾ ਵਿਚ ਗੋਲੀ ਚਲਾਈ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਸੰਯੁਕਤ ਅਕਾਲੀ ਦਲ ਦੇ ਬਹੁਤ ਸਾਰੇ ਕਾਰਕੁੰਨਾਂ ਨੂੰ ਇਹਤਿਆਤ ਵਜੋਂ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੰਜਾਬ ਦੇ ਅੱਠ ਸ਼ਹਿਰਾਂ ਵਿਚ ਲੱਗੇ ਕਰਫਿਊ ਵਿਚ ਢਿੱਲ ਦਿਤੀ ਗਈ। ਪੁਲੀਸ ਨੇ ਪਿੰਡ ਕਾਲਾ ਅਫਗਾਨਾ ਨੇੜੇ ਉਦੋਂ ਗੋਲੀ ਚਲਾਈ ਜਦ 200 ਪੇਂਡੂਆਂ ਨੇ ਉਹ ਪੁਲੀਸ ਵੈਨ ਘੇਰ ਲਈ ਜਿਸ ਵਿਚ ਫਤਹਿਗੜ੍ਹ ਚੂੜੀਆਂ ਤੋਂ ਗੁਰਦਾਸਪੁਰ ਨੂੰ ਪੰਜ ਸ਼ੱਕੀ ਦਹਿਸ਼ਤਪਸੰਦਾਂ ਨੂੰ ਲਿਜਾਇਆ ਜਾ ਰਿਹਾ ਸੀ। ਭੀੜ ਨੇ ਵੈਨ ਦੇ ਟਾਇਰਾਂ ਵਿਚੋਂ ਹਵਾ ਕੱਢ ਦਿੱਤੀ। ਬਾਅਦ ਵਿਚ ਉਥੇ ਪੁਲਸ ਪਾਰਟੀ ਪਹੁੰਚ ਗਈ ਅਤੇ ਹਵਾ ਵਿਚ ਗੋਲੀ ਚਲਾ ਕੇ ਭੀੜ ਨੂੰ ਖਿੰਡਾ ਦਿਤਾ। ਕਿਸੇ ਹੋਰ ਗੱਡੀ ਵਿਚ ਸ਼ੱਕੀ ਦਹਿਸ਼ਤਪਸੰਦਾਂ ਨੂੰ ਗੁਰਦਾਸਪੁਰ ਲਿਜਾਇਆ ਗਿਆ।

ਬਟਾਲਾ ਨੇੜੇ ਵਾਪਰੀ ਇਕ ਹੋਰ ਘਟਨਾ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਪੁਲੀਸ ਦੀ ਉਸ ਜੀਪ ਉਪਰ ਗੋਲੀ ਚਲਾਈ ਜਿਸ ਵਿਚ ਗੁਰਦਾਸਪੁਰ ਦਾ ਐਸ. ਪੀ. (ਡਿਟੇਕਟਿਵ) ਸੁਮੇਧ ਸਿੰਘ ਸੈਣੀ ਸਵਾਰ ਸੀ। ਗੋਲੀ ਨਾਲ ਕੋਈ ਜ਼ਖਮੀ ਨਾ ਹੋਇਆ।

## ਜਗਤਾਰ ਸਿੰਘ ਕਾਬੂ

ਜਲੰਧਰ — ਜਲੰਧਰ ਪੁਲੀਸ ਨੇ ਕਪੂਰਥਲਾ ਜ਼ਿਲੇ ਵਿਚ ਸੁਲਤਾਨਪੁਰ ਲੋਧੀ ਥਾਣੇ ਦੇ ਪਿੰਡ ਤਾਹਰਪੁਰ ਦੇ ਜਗਤਾਰ ਸਿੰਘ ਅਤਿਵਾਦੀ ਨੂੰ ਫੜ ਲੈਣ ਦਾ ਦਾਅਵਾ ਕੀਤਾ ਹੈ। ਉਸ ਦਾ 29 ਮਾਰਚ ਨੂੰ ਨਕੋਦਰ ਨੇੜੇ ਹੋਏ ਗੋਲੀ ਕਾਂਡ ਨਾਲ ਸਬੰਧ ਦੱਸਿਆ ਜਾਂਦਾ ਹੈ ਜਿਸ ਵਿਚ ਅੱਠ ਜਾਨਾਂ ਗਈਆਂ ਸਨ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਨਕੋਦਰ ਗੋਲੀ ਕਾਂਡ ਨਾਲ ਸਬੰਧਤ ਹੋਣ ਤੋਂ ਇਲਾਵਾ ਜਗਤਾਰ ਸਿੰਘ ਨੇ ਤਰਨਤਾਰਨ ਵਿਚ ਅਸਲਾ ਲੁੱਟਣ ਅਤੇ ਹੰਦੋਵਾਲ ਤੋਂ ਬਿਜਲੀ ਬੋਰਡ ਦੇ ਦਫਤਰੋਂ 60 ਹਜ਼ਾਰ ਰੁਪਏ ਲੁੱਟਣ ਦੀਆਂ ਘਟਨਾਵਾਂ ਵਿਚ ਸ਼ਾਂਮਲ ਹੋਣ ਬਾਰੇ ਵੀ ਮੰਨਿਆ ਹੈ।

ਬੁਲਾਰੇ ਨੇ ਦੱਸਿਆ ਕਿ ਪੁਲੀਸ ਨੇ ਦੋ ਰਾਈਫਲਾਂ, ਜੋ ਅਸਲਾਖਾਨੇ ਵਿਚੋਂ ਲੁੱਟੀਆਂ ਗਈਆਂ ਸਨ, ਬਰਾਮਦ ਕਰ ਲਈਆਂ ਗਈਆਂ ਹਨ। ਸ੍ਰੀ ਡੀ. ਐਨ ਚਤੁਰਵੇਦੀ ਅਨੁਸਾਰ ਪੁਲੀਸ ਨੇ ਜਲੰਧਰ ਵਿਚ ਛੇ ਪੁਲੀਸ ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਦਹਿਸ਼ਤਪਸੰਦਾਂ ਦੇ ਨਾਵਾਂ ਬਾਰੇ ਪਤਾ ਲਗਾ ਲਿਆ ਹੈ ਤੇ ਉਨ੍ਹਾਂ ਦੇ ਛੁਪਣ ਵਾਲੇ ਠਿਕਾਣਿਆਂ ਉਤੇ ਛਾਪੇ ਮਾਰੇ ਜਾ ਰਹੇ ਹਨ। ਨਾਵਾਂ ਦਾ ਪਤਾ ਉਨ੍ਹਾਂ ਲੋਕਾਂ ਤੋਂ ਲੱਗਾ ਹੈ ਜੋ ਅਤਿਵਾਦੀਆਂ ਦੇ ਸਮਰਥਕ ਹਨ ਤੇ ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪੰਜਾਬ ਵਿਚ ਵਾਢੀ ਲਈ ਕਾਮਿਆਂ ਦੀ ਥੁੜ੍ਹ ਦਾ ਖਦਸ਼ਾ

ਪਟਿਆਲਾ — ਇਸ ਵਾਰ ਪੰਜਾਬ ਵਿਚ ਵਾਢੀ ਲਈ ਲੇਬਰ ਦੀ ਕਾਫੀ ਥੁੜ੍ਹ ਹੋ ਜਾਣ ਦਾ ਖਦਸ਼ਾ ਪਾਇਆ ਜਾ ਰਿਹਾ ਹੈ। ਵਾਢੀ ਲਈ ਬਹੁਤ ਸਾਰੇ ਖੇਤ ਮਜ਼ਦੂਰ ਬਿਹਾਰ ਤੇ ਪੂਰਬੀ ਉਤਰ ਪ੍ਰਦੇਸ਼ ਤੋਂ ਪੰਜਾਬ ਆਉਂਦੇ ਹਨ। ਕਣਕ ਦੇ ਵਾਢੀ ਵਿਚ ਤਕਰੀਬਨ ਦੋ ਲੱਖ ਮਜ਼ਦੂਰ ਹਰ ਸਾਲ ਜੁਟਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਬਹੁਤ ਸ਼ਸ਼ੋਪੰਜ ਵਿਚ ਹਨ। ਇਕ ਵੱਡੇ ਮਹੰਤ ਜੋ 500 ਏਕੜ ਕਣਕ ਲਾਉਂਦੇ ਹਨ, ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਜੋ ਲੇਬਰ ਪਿੱਛੇ ਆਉਂਦੀ ਰਹੀ ਹੈ, ਉਸ ਗਰੁੱਪ ਦੇ ਮੁਖੀ ਦਾ ਪੱਤਰ ਆਇਆ ਹੈ ਕਿ ਇਸ ਸਾਲ ਉਹ ਨਹੀਂ ਆਉਣਗੇ। ਕੁਝ ਬਿਹਾਰੀ ਜੋ ਲੁਧਿਆਣਾਂ ਤੇ ਪਟਿਆਲਾ ਦੇ ਨੇੜੇ ਪਿੰਡਾਂ 'ਚ ਫਾਰਮਾਂ 'ਤੇ ਮਾਸਿਕ ਤਨਖਾਹਾਂ 'ਤੇ ਕੰਮ ਕਰ ਰਹੇ ਹਨ, ਵੀ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਦੋਸਤ ਤੇ ਰਿਸ਼ਤੇਦਾਰ ਇਸ ਸਾਲ ਹਾੜ੍ਹੀ ਵੱਢਣ ਪੰਜਾਬ 'ਚ ਨਹੀਂ ਆ ਰਹੇ। ਪੰਜਾਬ ਵਿਚ ਹਿੰਸਾ ਦਾ ਵਾਤਾਵਰਣ ਉਨ੍ਹਾਂ ਨੂੰ ਆਉਣ ਤੋਂ ਰੋਕ ਰਿਹਾ ਹੈ।

# ਪੰਜਾਬ ਸਮਝੌਤੇ ਦੇ ਹੱਕ 'ਚ ਹਵਾ ਬੰਨ੍ਹੀ ਜਾਵੇ — ਬਿਰੇਂਦਰ

ਸੋਨੀਪਤ — ਹਰਿਆਣਾ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਬਿਰੇਂਦਰ ਸਿੰਘ ਐਮ. ਪੀ. ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਰਾਜ ਵਿਚ ਪੰਜਾਬ ਸਮਝੌਤੇ ਦੇ ਹੱਕ ਵਿਚ ਲੋਕ ਰਾਏ ਲਾਮਬੰਦ ਕਰਨ ਲਈ ਮੁਹਿੰਮ ਚਲਾਈ ਜਾਵੇ ਕਿਉਂਕਿ ਪੰਜਾਕ ਸਮਝੌਤੇ ਤੋਂ ਹਰਿਆਣਾ ਦੇ ਹਿੱਤਾਂ ਨੂੰ ਠੇਸ ਨਹੀਂ ਪੁੱਜਦੀ ਹੈ। ਇਥੇ ਪਾਰਟੀ ਦੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਮਾਮਲੇ ਉਪਰ ਲੋਕਾਂ ਨੂੰ ਵਰਗਲਾ ਰਹੀਆਂ ਹਨ। ਇਸ ਲਈ ਕਾਂਗਰਸ (ਆਈ) ਵਰਕਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਰੋਧੀ ਪਾਰਟੀਆਂ ਦੇ ਝੂਠੇ ਪਰਚਾਰ ਦਾ ਮੁਕਾਬਲਾ ਕਰਨ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਹਰਿਆਣਾ ਨਾਲ ਨਾ ਇਲਾਕਾਈ ਝਗੜੇ ਵਿਚ ਕੋਈ ਵਿਤਕਰਾ ਕੀਤਾ ਹੈ ਅਤੇ ਨਾ ਹੀ ਦਰਿਆਈ ਪਾਣੀਆਂ ਦੇ ਮਾਮਲੇ ਵਿਚ।

## ਪੋਸਟ ਮਾਰਟਮ

### ਭਾਰਤੀ ਨੂੰਹ ਕਮਿਸ਼ਨ

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਦਾਜ ਦੀਆਂ ਬੁਰਾਈਆਂ ਬਾਰੇ ਗੱਲਾਂ ਕਰਦਿਆਂ ਕਰਦਿਆਂ ਅਖੀਰ ਇਹ ਗੱਲ ਕਹੀ ਕਿ ਅਸੀਂ ਰੋਜ਼ ਅਖਬਾਰਾਂ ਵਿਚ ਨੂੰਹਾਂ ਦੇ ਸੜ ਮਰਨ ਦੀਆਂ ਖਬਰਾਂ ਪੜ੍ਹਦੇ ਹਾਂ। ਪਰ ਕਦੇ ਕੋਈ ਸੱਸ ਨਹੀਂ ਸੜੀ। ਸੱਸਾਂ ਵੀ ਸੈਨਥੇਟਿਕ ਕੱਪੜੇ ਤੇ ਸਾੜ੍ਹੀਆਂ ਪਾਉਂਦੀਆਂ ਹਨ, ਉਨ੍ਹਾਂ ਦੇ ਕੱਪੜਿਆਂ ਨੂੰ ਕਿਉਂ ਅੱਗ ਨਹੀਂ ਲਗਦੀ। ਉਨ੍ਹਾਂ ਦੇ ਸਟੋਵ ਸਿਰਫ ਰੋਟੀਆਂ ਪਕਾਉਂਦੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਸਾੜਦੇ। ਜੇ ਇਸ ਤਰ੍ਹਾਂ ਹੀ ਅੱਗਾਂ ਲਗਦੀਆਂ ਹਨ ਤਾਂ ਫੇਰ ਹਰ ਇਕ ਨੂੰ ਲੱਗਣੀ ਚਾਹੀਦੀ ਹੈ, ਇਕੱਲੀ ਨੂੰਹ ਨੂੰ ਕਿਉਂ ਲਗਦੀ ਹੈ।

ਰਾਸ਼ਟਰਪਤੀ ਜੀ ਨੇ ਨੂੰਹਾਂ ਦੇ ਹੱਕ ਵਿਚ ਬਹੁਤ ਵਧੀਆ ਦਲੀਲ ਦਿੱਤੀ ਹੈ ਪਰ ਨਿਰੀਆਂ ਦਲੀਲਾਂ ਨਾਲ ਨੂੰਹਾਂ ਸੜਨੋਂ ਨਹੀਂ ਬਚ ਸਕਦੀਆਂ। ਸਰਕਾਰ ਨੂੰ ਕੋਈ ਐਸਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਨਾਲ ਖੁਫੀਆ ਇੰਕੁਆਰੀ ਹੋਇਆ ਕਰੇ ਕਿ ਮੁੰਡੇ ਵਾਲਿਆਂ ਨੇ ਕਿੰਨਾ ਦਾਜ ਲਿਆ ਹੈ ਤੇ ਕੀਹਦੇ ਰਾਹੀਂ ਲਿਆ ਹੈ ਤਾਂ ਕਿ ਸਰਕਾਰ ਅਸਲੀਅਤ ਦੀ ਤਹਿ ਤੱਕ ਪੁੱਜ ਸਕੇ।

ਰਾਸ਼ਟਰਪਤੀ ਜੀ ਭੁੱਲ ਗਏ ਹਨ ਕੇ ਸਮੇਂ ਦੀ ਸਰਕਾਰ ਸੱਚ ਨਾਲੋਂ ਕਮਿਸ਼ਨਾਂ ਵਿਚ ਵਧੇਰੇ ਵਿਸ਼ਵਾਸ ਰੱਖਦੀ ਹੈ।

ਚਾਚਾ ਚੰਡੀਗੜ੍ਹੀਆ


INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937



DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਖ਼ੂਨ ਦੀ ਵਗਾ ਕੇ ਨਦੀ ਹੋ ਗਏ ਹਵਾ ......

ਜਲੰਧਰ — ਸਥਾਨ, ਨਵੀਆਂ ਕਚਹਿਰੀਆਂ ਸਮਾਂ : ਦੁਪਹਿਰ ਦੇ ਕਰੀਬ ਸਾਢੇ ਗਿਆਰਾਂ ਵਜੇ। ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਪ੍ਰਿਥੀਪਾਲ ਸਿੰਘ ਗਰੇਵਾਲ ਦੀ ਅਦਾਲਤ ਵਿਚ ਪੇਸ਼ ਕਰਨ ਲਈ ਚਾਰ ਮੁਲਜ਼ਮ ਅਦਾਲਤ ਦੇ ਕਮਰੇ ਤੋਂ ਕਰੀਬ ਤੀਹ ਗਜ਼ ਦੂਰ ਸਥਿਤ ਗਾਰਡ ਰੂਮ ਦੇ ਬਾਹਰ ਬਿਠਾਏ ਹੋਏ ਸਨ ਸਰਕਾਰ ਬਨਾਮ ਗੁਰਿੰਦਰ ਸਿੰਘ ਕੇਸ ਦੀ ਸੁਣਵਾਈ ਅਦਾਲਤੀ ਸੂਚੀ ਵਿਚ ਸੱਤਵੇਂ ਨੰਬਰ 'ਤੇ ਸੀ। ਮੁਲਜ਼ਮਾਂ ਨੂੰ ਹਾਲੇ 'ਆਵਾਜ਼ ਪੈਣ ਵਿਚ ਸਮਾਂ ਰਹਿੰਦਾ ਸੀ ਜਦੋਂ ਘੜੀ ਦੀ ਸੂਈ ਨੇ ਸਾਢੇ ਗਿਆਰਾਂ ਵਜਾਏ, ਮੁਲਜ਼ਮਾਂ ਨੇ ਪਿਸ਼ਾਬ ਕਰਨ ਲਈ ਬੇਨਤੀ ਕੀਤੀ। ਅਦਾਲਤ ਦੇ ਅਹਾਤੇ ਵਿਚ ਜਿਥੇ ਮੁਲਜ਼ਮ ਖੜ੍ਹੇ ਸਨ, ਐਨ ਉਸ ਦੇ ਲਾਗੇ ਬਖਸ਼ੀਖਾਨੇ ਦੀ ਬਿਨਾਂ ਛੱਤ ਦੀ ਇਮਾਰਤ ਵਿਚ ਪਿਸ਼ਾਬ ਕਰਨ ਦੀ ਸਹੂਲਤ ਸੀ। ਪਰ ਪੁਲੀਸ ਕਰਮਚਾਰੀ ਤਿੰਨ ਮੁਲਜ਼ਮਾਂ ਨੂੰ ਲੈ ਕੇ ਆਮ ਜਨਤਾ ਲਈ ਬਣੇ ਪਿਸ਼ਾਬਘਰ ਵੱਲ ਲੈ ਤੁਰੇ। ਪੁਲੀਸ ਕਰਮਚਾਰੀਆਂ ਵਿਚ ਇਕ ਏ. ਐਸ. ਆਈ. ਦੋ ਹੈਡ ਕਾਂਸਟੇਬਲ ਅਤੇ ਦੋ ਕਾਂਸਟੇਬਲ ਸਨ।

ਬਸ ਇਥੋਂ ਹੀ ਉਹ ਹੋਲਨਾਕ ਵਾਰਦਾਤ ਦੀ ਸ਼ੁਰੂਆਤ ਹੋ ਗਈ। ਪਿਸ਼ਾਬਘਰ ਦਾ ਪਿਛਵਾੜਾ ਪੋਸਟ ਆਫਿਸ ਰੋਡ ਨਾਲ ਲਗਦਾ ਹੈ। ਇਹ ਸੜਕ ਜਿਸ ਵਿਚੋਂ ਦੋ ਕਾਰਾਂ ਇਕੋ ਸਮੇਂ ਲੰਘਣੀਆਂ ਮੁਸ਼ਕਲ ਹਨ, ਅਦਾਲਤ ਦੀ ਪੱਛਮੀ ਬਾਹੀ ਦੇ ਨਾਲ ਨਾਲ ਲੰਘਦੀ ਹੈ। ਦੋ ਪੁਲੀਸ ਕਰਮਚਾਰੀ ਕੰਧ ਦੇ ਨਾਲ ਪਹਿਰੇ 'ਤੇ ਖੜ੍ਹੇ ਹੋ ਗਏ, ਤੀਜਾ ਰਤਾ ਪਰ੍ਹੇ ਰਿਹਾ ਅਤੇ ਚੌਥਾ ਪਿਸ਼ਾਬਘਰ ਦੇ ਓਹਲੇ ਖੜ੍ਹਾ ਹੋਇਆ।

ਅਚਾਨਕ ਗੋਲੀਆਂ ਚੱਲਣੀਆਂ ਸ਼ੁਰੂ ਹੋਈਆਂ। ਗੋਲੀਆਂ ਕੰਧ ਦੇ ਉਪਰੋਂ ਦੀ ਪੋਸਟ ਆਫਿਸ ਰੋਡ ਤੋਂ ਵਰ੍ਹੀਆਂ। ਦੋ ਕਾਂਸਟੇਬਲ ਅਤੇ ਇਕ ਹੈਡ ਕਾਂਸਟੇਬਲ ਥਾਂ ਮਾਰੇ ਗਏ। ਇਕ ਜ਼ਖਮੀ ਸਿਪਾਹੀ ਲਹੂ-ਲੁਹਾਨ ਹੋਇਆ ਲਾਗਲੇ ਵਕੀਲ ਦੇ ਦਫਤਰ ਜਾ ਵੜਿਆ ਅਤੇ ਉਥੇ ਜਾ ਕੇ ਦਮ ਤੋੜ ਗਿਆ। ਚਾਰ ਲਾਸ਼ਾਂ ਵਿਛ ਗਈਆਂ। ਏ. ਐਸ. ਆਈ. ਜਿਹੜਾ ਪਿਸ਼ਾਬਘਰ ਦੇ ਐਨ ਸਾਹਮਣੇ ਖੜ੍ਹਾ ਸੀ, ਉਸ ਵੇਲੇ ਕਿਤੇ ਨਜ਼ਰੀਂ ਨਹੀਂ ਆਇਆ। ਇਕ ਵਕੀਲ ਜਿਸ ਨੇ ਗੋਲੀਆਂ ਦੀ ਆਵਾਜ਼ ਸੁਣ ਕੇ ਇਕ ਖੋਖੇ ਓਹਲੇ ਹੋ ਕੇ ਜਾਨ ਬਚਾਈ, ਨੇ ਮਗਰੋਂ ਦੱਸਿਆ ਕਿ ਏ. ਐਸ. ਆਈ. ਉਸ ਦੇ ਨਾਲ ਈ ਦੁਬਕਿਆ ਬੈਠਾ ਸੀ।

ਹਮਲਾਵਰ ਅਤਿਵਾਦੀਆਂ ਨੇ ਹਿੰਦ ਸਮਾਚਾਰ ਅਖਬਾਰ ਸਮੂਹ ਦੇ ਮਰਹੂਮ ਮਾਲਕ ਰਮੇਸ਼ ਚੰਦਰ ਦੇ ਕਤਲ ਦੇ ਦੋਸ਼ ਹੇਠ ਫੜੇ ਗਏ ਸੁਖਦੇਵ ਸਿੰਘ ਉਰਫ ਬਾਬਾ, ਸਵਰਨਜੀਤ ਸਿੰਘ ਅਤੇ ਗੁਰਿੰਦਰ ਸਿੰਘ ਉਰਫ ਭੋਲਾ ਦੀਆਂ ਹੱਥਕੜੀਆਂ ਦੇ ਸਿਰੇ ਮਰੇ ਪਏ ਕਾਂਸਟੇਬਲਾਂ ਦੀਆਂ ਪੇਟੀਆਂ ਵਿਚੋਂ ਕੱਢ ਕੇ ਉਨ੍ਹਾਂ ਨੂੰ ਨਸਾ ਲਿਆ।

ਸੀ. ਆਈ. ਏ. ਸਟਾਫ ਦਾ ਹੈਡ ਕਾਂਸਟੇਬਲ ਦਿਲਬਾਗ ਸਿੰਘ ਡਿਊਟੀ 'ਤੇ ਨਹੀਂ ਸੀ। ਉਹ ਪ੍ਰੋਸੀਕਿਊਸ਼ਨ ਬਰਾਂਚ ਵਿਚ ਕਿਸੇ 'ਰੁਟੀਨ' ਕੰਮ ਟਾਇਆ ਸੀ। ਕੰਧ ਪਾਰ ਤੋਂ ਗੋਲੀਆਂ ਚਲਦੀਆਂ ਦੇਖ ਕੇ ਉਸ ਨੇ ਇਕ ਕਾਂਸਟੇਬਲ ਦੀ ਕਾਰਬਾਈਨ ਝਪਟੀ ਅਤੇ ਗਾਰਡ ਰੂਮ ਤੇ ਪਿਸ਼ਾਬਘਰ ਦੇ ਵਿਚਕਾਰ, ਬਾਹਰ ਵਾਲੀ ਕੰਧ ਵਿਚ ਬਣੇ ਇਕ ਲਾਂਘੇ ਰਾਹੀਂ ਪੋਸਟ ਆਫਿਸ ਰੋਡ 'ਤੇ ਆਇਆ। ਇਕ ਕਾਂਸਟੇਬਲ ਵੀ ਉਸਦੇ ਮਗਰ ਸੀ। ਕੁਝ ਅਤਿਵਾਦੀ ਛੁਡਾਏ ਗਏ ਮੁਲਜ਼ਮਾਂ ਨੂੰ ਲੈ ਕੇ ਨੇਤਾ ਜੀ ਪਾਰਕ ਕਾਲੋਨੀ ਵੱਲ ਨੱਸ ਰਹੇ ਸਨ। ਦਿਲਬਾਗ ਸਿੰਘ ਤੇ ਉਸਦੇ ਨਾਲ ਦਾ ਕਾਂਸਟੇਬਲ ਜਿਉਂ ਹੀ ਸੜਕ 'ਤੇ ਨਿਕਲੇ, ਭੱਜਣ ਵਾਲਿਆਂ ਨੂੰ ਕਵਰ ਕਰ ਰਹੇ ਇਕ ਅਤਿਵਾਦੀ ਨੇ ਉਨ੍ਹਾਂ ਉਤੇ ਗੋਲੀਆਂ ਚਲਾ ਦਿੱਤੀਆਂ। ਉਹ ਦੋਵੇਂ ਥਾਂ ਹੀ ਮਾਰੇ ਗਏ।

ਗਾਰਡ ਡਿਊਟੀ ਦੇ ਬਰਾਮਦੇ ਵਿਚ ਖੜ੍ਹੇ ਇਕ ਕਾਂਸਟੇਬਲ ਨੇ ਰਾਈਫਲ ਨਾਲ ਉਸ ਪਾਸੇ ਗੋਲੀ ਚਲਾਈ ਜਿਸ ਪਾਸੇ ਅਤਿਵਾਦੀ ਖੜ੍ਹੇ ਸਨ। ਪਰ ਉਸ ਨੂੰ ਰਾਈਫਲ ਦੁਬਾਰਾ ਲੋਡ ਕਰਨ ਦਾ ਮੌਕਾ ਨਹੀਂ ਮਿਲਿਆ। ਇਕ ਗੋਲੀ ਉਸ ਦੀ ਸੱਜੀ ਬਾਂਹ ਵਿਚੋਂ ਨਿਕਲਕੇ ਵੱਖੀ ਵਿਚੋਂ ਹੁੰਦੀ ਹੋਈ ਗੁਰਦੇ ਅਤੇ ਜਿਗਰ ਨੂੰ ਚੀਰ ਗਈ। ਉਹ ਗੰਭੀਰ ਹਾਲਤ ਵਿਚ ਜ਼ਖਮੀ ਹਸਪਤਾਲ ਪਿਆ ਹੈ।

ਅਤਿਵਾਦੀਆਂ, ਜਿਨ੍ਹਾਂ ਦੀ ਗਿਣਤੀ ਕੋਈ ਨਹੀਂ ਦੱਸ ਸਕਿਆ, ਨੇ ਠਰੰਮੇ ਨਾਲ ਜਾਂਦੇ ਹੋਏ ਗਾਰਡ ਰੂਮ ਦੀ ਖਿੜਕੀ ਰਾਹੀਂ ਕਮਰੇ ਦੇ ਅੰਦਰ ਤਿੰਨ ਗੋਲੀਆਂ ਹੋਰ ਚਲਾਈਆਂ।

ਜੀਪ ਸਟਾਰਟ ਹੋਣ ਵਿਚ ਕੁਝ ਦੇਰੀ ਹੋਈ ਤਾਂ ਅਤਿਵਾਦੀਆਂ ਨੇ ਹਵਾ ਵਿਚ ਫੇਰ ਗੋਲੀਆਂ ਚਲਾਈਆਂ। ਕੁਝ ਮਿੰਟਾਂ ਮਗਰੋਂ ਉਹ ਹਵਾ ਹੋ ਗਏ। ਮਗਰ ਛੇ ਲਾਸ਼ਾਂ ਸਨ, ਹਫੜਾਦਫੜੀ ਸੀ ਅਤੇ ਦਹਿਸ਼ਤ ਸੀ। ਪੁਲੀਸ ਵਾਲਿਆਂ ਨੂੰ ਕੁਝ ਨਹੀਂ ਸੀ ਸੁਝ ਰਿਹਾ। ਇਸੇ ਬਦਹਵਾਸੀ ਵਿਚ ਇਕ ਪੁਲੀਸ ਅਫਸਰ ਨੇ ਹਵਾ ਵਿਚ ਦੋ ਫਾਇਰ ਕਰ ਦਿੱਤੇ। ਇਸ ਨਾਲ ਖਲਬਲੀ ਵਿਚ ਹੀ ਵਾਧਾ ਹੋਇਆ।

ਅਤਿਵਾਦੀਆਂ ਦੀ ਯੋਜਨਾ ਏਨੀ ਪੱਕੀ ਅਤੇ ਨਿਸ਼ਾਨੇ ਏਨੇ ਸਾਧੇ ਹੋਏ ਸਨ ਕਿ ਕੋਈ ਵੀ ਗੋਲੀ ਅਜਾਈਂ ਨਹੀਂ ਗਈ। ਇਕ ਵਕੀਲ ਬਲਬੀਰ ਸਿੰਘ ਬਾਸੀ ਦੀ ਬਾਂਹ 'ਤੇ ਕਿਸੇ ਤਿੱਖੀ ਚੀਜ਼ ਨਾਲ ਜ਼ਖਮ ਹੋ ਗਿਆ। ਇਕ ਭਿਖਾਰੀ ਦੇ ਜੁਬਾੜੇ ਵਿਚ ਗੋਲੀ ਲੱਗੀ ਅਤੇ ਤਿਰਲੋਕ ਸਿੰਘ ਨਾਂ ਦੇ ਇਕ ਵਿਅਕਤੀ ਦੀ ਅੱਖ ਨਾਲ ਕੋਈ ਛਰਾ ਖਹਿ ਗਿਆ।

ਅਤਿਵਾਦੀਆਂ ਦੀ ਇਹ ਸਾਰੀ ਕਾਰਵਾਈ ਦਸ ਤੋਂ ਪੰਦਰਾਂ ਮਿੰਟਾਂ ਵਿਚ ਸਮਾਪਤ ਹੋ ਗਈ। ਜਿਥੇ ਇਸ ਵਾਰਦਾਤ ਨਾਲ ਉਨ੍ਹਾਂ ਦੇ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹੋਣ ਦਾ ਪਤਾ ਲਗਦਾ ਹੈ ਉਥੇ ਪੁਲੀਸ ਦੀ ਲਾਪਰਵਾਹੀ ਅਤੇ ਖਤਰਨਾਕ ਅਪਰਾਧੀਆਂ ਪ੍ਰਤੀ ਅਲਗਰਜ਼ੀ ਦਾ ਵੀ ਸਬੂਤ ਮਿਲਦਾ ਹੈ। ਉਨ੍ਹਾਂ ਨੂੰ ਕਿਸੇ ਜੰਦਰੇ ਹੇਠ ਨਾ ਰੱਖ ਕੇ ਖੁਲ੍ਹੇ ਰੱਖਣਾ, ਉਨ੍ਹਾਂ ਨੂੰ ਜਨਤਕ ਪਿਸ਼ਾਬਘਰ ਤਕ ਆ ਜਾਣ ਦੇਣਾ ਅਤੇ ਫੇਰ ਕਚਹਿਰੀਆਂ ਦੇ ਆਲੇ ਦੁਆਲੇ ਦੇ ਨਾਕੇ ਬੰਦ ਨਾ ਕਰਨਾ, ਇਸੇ ਗੱਲ ਦਾ ਸਬੂਤ ਦਿੰਦੇ ਹਨ। ਇਹ ਗੱਲ ਪੰਜਾਬ ਦੇ ਨਵੇਂ ਡਾਇਰੈਕਟਰ ਜਨਰਲ ਜੇ. ਐਫ. ਰਿਬੇਰੋ ਨੇ ਵੀ ਮੰਨੀ ਕਿ ਪੁਲੀਸ ਕਰਮਚਾਰੀਆਂ ਨੇ ਬਹੁਤ ਸਾਰੇ ਨਿਯਮਾਂ ਦੀ ਉਲੰਘਣਾ ਕੀਤੀ। ਉਨ੍ਹਾਂ ਫਲਸਫਾਨਾ ਢੰਗ ਨਾਲ ਕਿਹਾ ਕਿ ਲੋਕ ਜ਼ਿੰਦਗੀ ਵਿਚ ਹੀ ਬਹੁਤ ਸਾਰੇ ਜ਼ਾਬਤਿਆਂ ਦੀ ਉਲੰਘਣਾ ਕਰਦੇ ਹਨ ਅਤੇ ਇਹ ਗੱਲ ਪੁਲੀਸ ਉਤੇ ਵੀ ਲਾਗੂ ਹੁੰਦੀ ਹੈ। ਇਹ ਪੁੱਛੇ ਜਾਣ ਉਤੇ ਕਿ ਹੁਣ ਉਹ ਕੀ ਕਰਨ - ਦਾ ਇਰਾਦਾ ਰੱਖਦੇ ਹਨ, ਸ੍ਰੀ ਰਿਬੇਰੋ ਨੇ ਕਿਹਾ : "ਅਸੀਂ ਮੋੜਵਾਂ ਉਤਰ ਦੇਵਾਂਗੇ।"

ਹਸਪਤਾਲ ਦਾ ਦ੍ਰਿਸ਼ ਬਹੁਤ ਦਿਲ ਕੰਬਾਊ ਸੀ। ਹੈਡ ਕਾਂਸਟੇਬਲ ਸੁਖਦੇਵ ਸਿੰਘ ਜੋ ਪਿੰਡ ਖਲੀਲਾਂ ਦਾ ਰਹਿਣ ਵਾਲਾ ਸੀ, ਦਾ ਪਰਿਵਾਰ, ਰਿਸ਼ਤੇਦਾਰ ਅਤੇ ਹੋਰ ਵਾਕਫਕਾਰ ਮੁਰਦਾਖਾਨੇ ਦੇ ਬਾਹਰ ਬੈਠੇ ਸਨ। ਲਾਸ਼ਾਂ ਸਵਾ ਬਾਰਾਂ ਵਜੇ ਦੇ ਕਰੀਬ ਚੁੱਕੀਆਂ ਗਈਆਂ ਸਨ, ਪਰ ਸ਼ਾਮੀਂ ਛੇ ਵਜੇ ਤਕ ਪੋਸਟਮਾਰਟਮ ਨਹੀਂ ਸੀ ਹੋਇਆ। ਸੁਖਦੇਵ ਸਿੰਘ ਦੀ ਪਤਨੀ, ਮਾਂ, ਭਰਾ, ਬਾਪ, ਸਹੁਰਾ ਵਿਰਲਾਪ ਕਰ ਰਹੇ ਸਨ। ਪੁਲੀਸ ਏਨੀ ਬਦਹਵਾਸ ਸੀ ਕਿ ਲਾਸ਼ਾਂ ਸਬੰਧੀ ਕਾਗਜ਼ੀ ਕਾਰਵਾਈ ਨਹੀਂ ਸੀ ਕਰ ਸਕੀ। ਕਿਸੇ ਕਿਹਾ ਕਿ ਹਸਪਤਾਲ ਦਾ ਸਟਾਫ ਦੇਰੀ ਕਰ ਰਿਹਾ ਹੈ ਤਾਂ ਸ੍ਰੀ ਰਿਬੇਰੋ ਨੇ ਸੀ. ਐਮ. ਓ. ਨੂੰ ਸੱਦ ਲਿਆ। ਤਦ ਪਤਾ ਲੱਗਾ ਕਿ ਛੇ ਡਾਕਟਰ ਪੋਸਟ ਮਾਰਟਮ ਲਈ ਤਿਆਰ ਹਨ ਪਰ ਕਾਗਜ਼ ਨਹੀਂ ਮਿਲੇ।

ਸ੍ਰੀ ਰਿਬੇਰੋ ਕਰੀਬ ਪੰਦਰਾਂ ਮਿੰਟ ਹਸਪਤਾਲ ਰਹੇ। ਉਨ੍ਹਾਂ ਛੇ ਲਾਸ਼ਾਂ ਵੇਖੀਆਂ ਉਚ ਪੁਲੀਸ ਅਫਸਰਾਂ ਨਾਲ ਗੱਲਬਾਤ ਕੀਤੀ। ਇਕ ਕਾਂਸਟੇਬਲ ਰਛਪਾਲ ਸਿੰਘ ਹਸਪਤਾਲ ਦੇ ਸਰਜੀਕਲ ਵਾਰਡ ਵਿਚ ਦੂਜੀ ਮੰਜ਼ਲ ਉਤੇ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਸੀ। ਉਸ ਦਾ ਇਕ ਗੁਰਦਾ ਕੱਢ ਕੇ ਡਾਕਟਰਾਂ ਨੇ ਜਿਗਰ ਵਿਚ ਹੋਈ ਮੋਰੀ ਬੰਦ ਕਰ ਦਿੱਤੀ ਸੀ। ਪਰ ਡਾਇਰੈਕਟਰ ਜਨਰਲ ਪੁਲੀਸ ਉਸ ਜਿਉਂਦੇ ਬੰਦੇ ਦਾ ਹਾਲ ਚਾਲ ਪੁੱਛਣ ਨਹੀਂ ਗਏ।

# ਫੈਜ਼ਲਾਬਾਦ ਵਿਚ ਬੇਨਜ਼ੀਰ ਭੁੱਟੋ ਦਾ ਨਿੱਘਾ ਸਵਾਗਤ

## ਜ਼ਿਆ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ

## ਜਮਹੂਰੀਅਤ ਦੀ ਬਹਾਲੀ ਲਈ ਬੇਨਜ਼ੀਰ ਗਰਜ਼ੀ

ਵਤਨ ਵਾਪਸੀ ਤੋਂ ਬਾਅਦ ਮਰਹੂਮ ਸ੍ਰੀ ਜ਼ੁਲਫੀਕਾਰ ਅਲੀ ਭੁੱਟੋ ਦੀ ਸਾਹਬਜਾਦੀ ਬੇਨਜ਼ੀਰ ਨੇ ਜ਼ਿਆ ਨੂੰ ਗੱਦੀਓਂ ਲਾਹੁਣ ਦਾ ਬੀੜਾ ਚੁੱਕ ਲਿਆ ਤੇ ਉਸਨੂੰ ਆਮ ਲੋਕਾਂ ਦੀ ਹਿਮਾਇਤ ਹਾਸਿਲ ਹੋ ਰਹੀ ਹੈ ਜਦੋਂ ਉਹ ਸ਼ਹਿਰਾਂ ਅਤੇ ਪਿੰਡਾਂ ਵਿਚ ਜਾਂਦੀ ਹੈ ਤਾਂ ਹਜ਼ਾਰਾਂ ਦੀ ਤਦਾਦ ਵਿਚ ਲੋਕ ਉਸਨੂੰ ਸੁਣਨ ਜਾਂਦੇ ਹਨ। ਬੇਨਜ਼ੀਰ ਅਜ ਕੱਲ੍ਹ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਨੂੰ ਜ਼ਿਆ ਦੀ ਨਿਕੰਮੀ ਸਰਕਾਰ ਨੂੰ ਗੱਦੀਓਂ ਲਾਹੁਣ ਲਈ ਪਰੇਰ ਰਹੀ ਹੈ। ਜਿਥੇ ਕਿਤੇ ਵੀ ਉਹ ਜਾਂਦੀ ਹੈ ਲੋਕ ਪਾਕਿਸਤਾਨੀ ਡਿਕਟੇਟਰ ਜ਼ਿਆ ਦੇ ਖਿਲਾਫ ਨਾਹਰੇ ਲਾਉਂਦੇ ਹਨ ਬੇਨਜ਼ੀਰ ਜੋ ਜ਼ਿਆ ਦੇ ਲਈ ਇਕ ਬਹੁਤ ਵੱਡਾ ਚੈਲੰਜ ਬਣ ਗਈ ਹੈ। ਜਦੋਂ ਉਹ ਜਲਸੇ ਵਾਲੇ ਥਾਵਾਂ ਤੇ ਪੁੱਜਦੀ ਹੈ ਤਾਂ ਲੋਕ ਚੀਖਦੇ ਹਨ "ਜ਼ਿਆ ਕੁੱਤਾ ਹੈ" "ਬੇਨਜ਼ੀਰ ਸ਼ੇਰ ਦਿਲ ਦੀ ਪੁਤਰੀ ਹੈ" ਉਹਨਾਂ ਦਾ ਭਾਵ ਜ਼ੁਲਫੀਕਾਰ ਅਲੀ ਭੁੱਟੋ ਜਿਸਨੂੰ ਕਿ ਜ਼ਿਆ ਨੇ ਫਾਹੇ ਲਾ ਦਿਤਾ ਸੀ। ਲੋਕ ਸਿਰਫ ਜ਼ਿਆ ਦੇ ਖਿਲਾਫ ਹੀ ਨਾਹਰੇ ਨਹੀਂ ਲਾਉਂਦੇ। ਬਲਕਿ ਉਹ ਪਾਕਿਸਤਾਨੀ ਜਰਨੈਲਾਂ ਨੂੰ "ਕੁੱਤੇ ਅਮਰੀਕਨਾਂ ਦੇ ਚਮਚੇ" ਦਸਦੇ ਹਨ। ਜ਼ਿਆ-ਉਲ-ਹੱਕ ਸਾਢੇ ਅੱਠ ਸਾਲਾਂ ਤੋਂ ਪਾਕਿਸਤਾਨ ਦਾ ਤਾਨਾਸ਼ਾਹ ਬਣਿਆ ਬੈਠਾ ਹੈ ਤੇ ਲੋਕ ਉਸਦੇ ਜ਼ੁਲਮਾਂ ਦੀ ਚੱਕੀ ਥੱਲੇ ਪਿਸ ਰਹੇ ਹਨ ਅਤੇ ਅਮਰੀਕਾ ਉਸਦੀ ਹਿਮਾਇਤ ਕਰ ਰਿਹਾ ਹੈ। ਹੁਣ ਉਸਨੇ ਖਲਕਤ ਨੂੰ ਖਿਲਾਫ ਹੁੰਦੇ ਦੇਖ ਕੇ ਮਾਰਸ਼ਲ ਲਾਅ ਨੂੰ ਚੁਕ ਲਿਆ ਹੈ ਜਿਸ ਕਾਰਨ ਇਹ ਮੁਜ਼ਾਹਰੇ ਪਾਕਿਸਤਾਨ ਵਿਚ ਹੋ ਰਹੇ ਲੋਕ ਚੋਣਾਂ ਦੀ ਮੰਗ ਕਰਦੇ ਹਨ ਪਰ ਜ਼ਿਆ 1990 ਤੋਂ ਪਹਿਲਾਂ ਚੋਣਾਂ ਨਹੀਂ ਕਰਵਾਉਣਾਂਆਂ ਚਾਹੁੰਦਾ। ਬੇਨਜ਼ੀਰ ਦੇ ਪਾਕਿਸਤਾਨ ਪੁੱਜਣ ਨਾਲ ਲੋਕਾਂ ਦੇ ਹੌਂਸਲੇ ਬੁਲੰਦ ਹੋਏ ਹਨ ਆਸ ਹੈ ਉਹ ਅਮਰੀਕਨ ਚਮਚੇ 'ਜਰਨੈਲਾਂ' ਦੀ ਗੁਲਾਮੀ ਦਾ ਜੂਲਾ ਲਾਹ ਸੁੱਟਣਗੇ ਅਤੇ ਬੇਨਜ਼ੀਰ ਉਹਨਾਂ ਦੀ ਰਹਿਨੁਮਾਈ ਕਰੇਗੀ।


**D. P. Pandia & Associates**

**Immigration Consultants**

**Serving the Community Since 1939**

**Ph. (604)684-3716**

#61 - 553 Granville St. Vancouver, B.C.

**ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।**

**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER

NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਆਪਣੀਆਂ ਇਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸੋਰੈਂਸ
- ਗਰੁਪ ਇਨਸ਼ੋਰੈਂਸ਼
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

1507 - 330 Portage Avenue
Winnipeg, Manitoba R3C 0C4
Bus. 943-1526

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

NORTH AMERICAN LIFE ASSURANCE CO.



Raj Singh Mann

# ਭਾਰਤੀ ਫੌਜ ਹੱਥੋਂ ਘੁਸਪੈਠੀਆ ਮਰਿਆ

ਜੰਮੂ — ਰਾਜੌਰੀ ਜ਼ਿਲੇ ਦੇ ਝੰਗੜ ਸੈਕਟਰ ਵਿਚ ਪਿੰਡ ਜੱਬਰ ਕਲਸਾਂ ਵਿਖੇ ਸਰਹੱਦ ਟੱਪ ਕੇ ਭਾਰਤ ਦਾਖਲ ਹੋਣ ਦੇ ਯਤਨ ਵਿਚ ਇਕ ਪਾਕਿਸਤਾਨੀ ਘੁਸਪੈਠੀਆ ਮਾਰਿਆ ਗਿਆ ਜਦ ਕਿ ਚਾਰ ਹੋਰ ਜ਼ਖਮੀ ਹੋਏ। ਜ਼ਖਮੀ ਵਾਪਸ ਪਾਕਿਸਤਾਨ ਜਾਣ ਵਿਚ ਸਫਲ ਹੋ ਗਏ। ਇਸੇ ਦੌਰਾਨ ਸਰਕਾਰੀ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਜੰਮੂ ਡਿਵੀਜ਼ਨ ਦੇ ਰਾਜੌਰੀ ਤੇ ਪੁਣਛ ਜ਼ਿਲਿਆਂ ਵਿਚ ਪਾਕਿਸਤਾਨੀ ਫੌਜੀਆਂ ਵਲੋਂ ਬਿਨਾਂ ਵਜ੍ਹਾ ਗੋਲੀ ਚਲਾਏ ਜਾਣ ਦੇ ਸਿੱਟੇ ਵਜੋਂ ਸੱਤ ਭਾਰਤੀ ਨਾਗਰਿਕ ਜ਼ਖਮੀ ਹੋਏ। ਇਸ ਘਟਨਾ ਕਾਰਨ ਇਲਾਕੇ ਵਿਚ ਕਾਫੀ ਤਣਾਓ ਹੈ। ਰਾਜੌਰੀ ਜ਼ਿਲੇ ਵਿਚ ਝੰਗੜ ਸੈਕਟਰ ਦੇ ਲਾਮਲਡੋਕਾ ਅਤੇ ਰੁਬਲੀਧਾਰ ਇਲਾਕਿਆਂ ਅਤੇ ਸੋਕੜ, ਡੋਗਵਾਰ, ਤੇਰਵਾਂ ਅਤੇ ਬਗਿਆਲਦਾਰਾ ਇਲਾਕਿਆਂ ਵਿਚ ਭਾਰਤ-ਪਾਕਿਸਤਾਨੀ ਫੌਜਾਂ ਵਿਚਕਾਰ ਰੁਕ ਰੁਕ ਕੇ ਫਾਇਰਿੰਗ ਜਾਰੀ ਹੈ। ਫਾਇਰਿੰਗ ਵਿਚ ਐਮ. ਐਮ. ਜੀ. ਸਮੇਤ ਛੋਟੇ ਹਥਿਆਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਬਗਿਆਲਦਾਰਾ ਅਤੇ ਸੋਕੜ ਇਲਾਕਿਆਂ ਵਿਚ ਫਾਇਰਿੰਗ ਪਿਛਲੇ ਸਾਲ 29 ਅਗਸਤ ਨੂੰ ਸ਼ੁਰੂ ਹੋਈ ਸੀ ਜਦੋਂ ਭਾਰਤੀ ਫੌਜਾਂ ਨੇ ਪਾਕਿਸਤਾਨੀ ਫੌਜੀਆਂ ਨੂੰ ਭਾਰਤੀ ਇਲਾਕੇ ਉਪਰ ਕਬਜ਼ਾ ਕਰਨੋਂ ਰੋਕਿਆ ਅਤੇ ਪਾਕਿਸਤਾਨੀਆਂ ਨੇ ਗੋਲੀ ਚਲਾ ਦਿਤੀ। ਬੀਤੇ ਦਿਨ ਦੀ ਫਾਇਰਿੰਗ ਵਿਚ ਮਾਰੇ ਗਏ ਘੁਸਪੈਠੀਏ ਦੀ ਲਾਸ਼ ਦੋਵਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਦੀ ਫਲੈਗ ਮੀਟਿੰਗ ਪਿਛੋਂ ਪਾਕਿਸਤਾਨੀਆਂ ਨੂੰ ਸੌਂਪ ਦਿੱਤੀ ਗਈ। ਪਾਕਿਸਤਾਨੀਆਂ ਵਲੋਂ ਭਾਰਤੀ ਇਲਾਕੇ ਵਿਚ ਘੁਸਪੈਠ ਦੇ ਯਤਨਾਂ ਵਿਰੁਧ ਭਾਰਤੀ ਕਮਾਂਡਰਾਂ ਨੇ ਮੀਟਿੰਗ ਦੌਰਾਨ ਸਖਤ ਰੋਸ ਪ੍ਰਗਟ ਕੀਤਾ। ਇਸੇ ਦੌਰਾਨ ਇਕ ਫੌਜੀ ਬੁਲਾਰੇ ਨੇ ਸਰਹੱਦ ਉਪਰ ਸਥਿਤੀ ਨੂੰ ਪੂਰੀ ਤਰ੍ਹਾਂ ਕਾਬੂ ਹੇਠ ਦੱਸਿਆ ਅਤੇ ਕਿਹਾ ਕਿ ਰੁਕ ਰੁਕ ਕੇ ਗੋਲੀ ਦੀਆਂ ਘਟਨਾਵਾਂ ਇਨ੍ਹਾਂ ਇਲਾਕਿਆਂ ਵਿਚ ਆਮ ਗੱਲ ਬਣ ਗਈਆਂ ਹਨ। ਬੁਲਾਰੇ ਨੇ ਦੱਸਿਆ ਕਿ ਇਸ ਸੈਕਟਰ ਵਿਚ ਭਾਰਤੀ ਫੌਜੀ ਪਾਕਿਸਤਾਨੀਆਂ ਉਪਰ ਭਾਰੂ ਹਨ। ਸਰਹੱਦ ਉਪਰ ਲਗਾਤਾਰ ਨਿਗਾਹ ਰੱਖੀ ਜਾ ਰਹੀ ਹੈ। ਇਸੇ ਦੌਰਾਨ ਅਧਿਕਾਰੀਆਂ ਨੇ ਸਮੁੱਚੀ ਜੰਮੂ-ਕਸ਼ਮੀਰ ਸੀਮਾ ਉਪਰ ਰਾਤ ਵੇਲੇ ਹਰ ਤਰ੍ਹਾਂ ਦੀ ਹਲਚਲ ਉਤੇ ਪਾਬੰਦੀ ਲਗਾ ਦਿਤੀ ਹੈ ਤਾਂ ਕਿ ਸਰਹੱਦ ਪਾਰੋਂ ਘੁਸਪੈਠ ਰੋਕੀ ਜਾ ਸਕੇ।

## ਸਹਿਗਲ ਦਾ ਰਿਮਾਂਡ

ਨਵੀਂ ਦਿੱਲੀ — ਚੀਫ ਮੈਟਰੋਪੋਲੀਟਨ ਮੈਜਿਸਟਰੇਟ ਸੁਭਾਸ਼ ਵਾਸਨ ਨੇ ਟਰਾਂਜ਼ਿਸਟਰ ਬੰਬ ਕਾਂਡ ਵਿਚ ਗੁਰਦੀਪ ਸਿੰਘ ਸਹਿਗਲ ਦਾ ਜੁਡੀਸ਼ਲ ਰਿਮਾਂਡ ਵਧਾ ਦਿੱਤਾ ਹੈ। ਉਸ ਨੂੰ ਇਸ ਕਾਂਡ ਵਿਚ ਭਗੌੜਾ ਕਰਾਰ ਦਿੱਤਾ ਗਿਆ ਸੀ ਤੇ 11 ਫਰਵਰੀ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

## ਭਾਈ ਮੋਹਕਮ ਸਿੰਘ ਨੂੰ ਅਣਦੱਸੀ ਥਾਂ ਲਿਜਾਇਆ ਗਿਆ

ਸੰਗਰੂਰ — ਦਮਦਮੀ ਟਕਸਾਲ ਦੇ ਤਰਜਮਾਨ ਭਾਈ ਮੋਹਕਮ ਸਿੰਘ ਨੂੰ ਜੋ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਜ਼ਿਲੇ ਤੋਂ ਗ੍ਰਿਫਤਾਰ ਕੀਤੇ ਗਏ ਸਨ ਅਤੇ ਇਥੇ ਜ਼ਿਲਾ ਜੇਲ੍ਹ ਵਿਚ ਨਜ਼ਰਬੰਦ ਸਨ, ਸੀ. ਬੀ. ਆਈ. ਦੇ ਅਧਿਕਾਰੀ ਕਿਸੇ ਅਣਦੱਸੀ ਥਾਂ ਵੱਲ ਲੈ ਗਏ ਹਨ।

# ਗੱਲ ਇਕ ਰੋਸ ਜਲੂਸ ਦੀ

—ਗਿਆਨ ਸਿੰਘ ਸੰਧੂ—



ਐਤਵਾਰ ਦੀਆਂ ਸਮੂਹ ਅਖਬਾਰਾਂ ਨੇ ਸਚਿਤਰ ਖਬਰਾਂ ਲਗਾਈਆਂ ਕਿ ਸਿੱਖ ਸੰਗਤਾਂ ਪੰਜਾਬ ਵਿਚ ਹੋ ਰਹੇ ਅੰਜਾਈਂ ਕਤਲਾਂ ਦੀ ਘੋਰ ਨਿਖੇਧੀ ਕਰਦੀਆਂ ਹਨ। ਇਸ ਦਾ ਆਧਾਰ ਸਿੰਘ ਫੋਰਮ, ਦਿੱਲੀ ਅਕਾਲੀ ਦਲ ਅਤੇ ਹੋਰ ਸਿੱਖ ਸੰਸਥਾਵਾਂ ਵਲੋਂ ਕੀਤਾ ਗਿਆ ਇਕ ਰੋਸ ਮੁਜ਼ਾਹਰਾ ਸੀ। ਇਹ ਜਲੂਸ ਗੁਰਦੁਆਰਾ ਬੰਗਲਾ ਸਾਹਿਬ ਤੋਂ ਚੱਲ ਕੇ ਕਨਾਟ ਪਲੇਸ ਵਿਚੋਂ ਦੀ ਹੁੰਦਾ ਹੋਇਆ ਗੁਰਦੁਆਰਾ ਰੁਕਾਬ ਗੰਜ ਵਿਚ ਸਮਾਪਤ ਹੋਇਆ। ਉਥੇ ਸਮੂਹ ਮੁਜ਼ਾਹਰੀਨਾਂ ਨੇ ਅਰਦਾਸ ਕੀਤੀ ਕਿ ਵਾਹਿਗੁਰੂ ਪੰਜਾਬ ਵਿਚ ਕਤਲੋ ਗਾਰਤ ਕਰ ਰਹੇ ਲੋਕਾਂ ਨੂੰ ਸਮੱਤ ਬਖਸ਼ੇ, ਪੰਜਾਬ ਵਿਚ ਅਮਨ ਚੈਨ ਸਥਾਪਤ ਹੋਵੇ, ਖਾਲਸੇ ਦੀ ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਹੋਵੇ।

ਇਹ ਜਲੂਸ ਤਾਂ ਕੋਈ ਨਵੀਂ ਗੱਲ ਨਹੀਂ ਸੀ ਪਰ ਜਲੂਸ ਪ੍ਰਤੀ ਲੋਕਾਂ ਦਾ ਪ੍ਰਤੀਕਰਮ ਬੜਾ ਧਿਆਨਯੋਗ ਸੀ। ਪਹਿਲਾਂ ਤਾਂ ਜਲੂਸ ਦੀ ਤਿਆਰੀ ਸਮੇਂ ਗੁਰਦੁਆਰਾ ਬੰਗਲਾ ਸਾਹਿਬ ਵਿਚ ਦੋ ਘੰਟੇ ਤਿਆਰੀ ਚਲਦੀ ਰਹੀ। ਇਸ ਦੌਰਾਨ ਨੇਤਾ ਲੋਕ ਆਪਣੇ ਆਪਣੇ ਭਾਸ਼ਨ ਦਿੰਦੇ ਰਹੇ ਅਤੇ ਪ੍ਰਬੰਧਕ ਆਪਣੀ ਤਿਆਰੀ ਕਰਦੇ ਰਹੇ। ਘੋਖੀ ਲੋਕ ਹੋਰਨਾਂ ਨਾਲ ਵਿਚਾਰ ਵਟਾਂਦਰਾ ਕਰ ਰਹੇ ਸਨ ਜਿੰਨੇ ਲੋਕਾਂ ਨੇ ਮੂੰਹ ਖੋਲ੍ਹਿਆ, ਇਹ ਹੀ ਬੋਲਿਆ ਕਿ ਇਹ ਬੜੀ ਚੰਗੀ ਗੱਲ ਹੈ। ਇਹ ਜਲੂਸ ਜ਼ਰੂਰ ਕੱਢਿਆ ਜਾਣਾ ਚਾਹੀਦਾ ਹੈ। ਇਹ ਤਾਂ ਬਹੁਤ ਦੇਰ ਤੋਂ ਤੱਵਜੋਂ ਮੰਗ ਰਿਹਾ ਕੰਮ ਸੀ ਇਤਿਆਦਿ। ਲਗਦਾ ਸੀ ਕਿ ਉਸ ਦਿਨ ਵੱਖਰੀ ਰਾਏ ਵਾਲੇ ਸੱਜਣ ਗੁਰਦੁਆਰੇ ਆਉਣਾ ਭੁੱਲ ਗਏ ਸਨ।

ਖੈਰ! ਜਲੂਸ ਨਿਕਲਿਆ। ਦੋ ਘੰਟੇ ਵਿਚ ਪੂਰੀ ਵਾਟ ਪੂਰੀ ਕਰਕੇ ਸਮਾਪਤ ਹੋ ਗਿਆ। ਵਧੇਰੇ ਧਿਆਨਯੋਗ ਗੱਲ ਅਗਲੇ ਦਿਨ ਅਖਬਾਰਾਂ ਦਾ ਪ੍ਰਤੀਕਰਮ ਸੀ। ਸਭ ਅਖਬਾਰਾਂ ਨੇ ਖਬਰ ਇਜ ਲਾਈ ਜਿਵੇਂ ਸੂਰਜ ਪੱਛਮ ਵਲੋਂ ਚੜ੍ਹ ਰਿਹਾ ਹੋਵੇ। ਸ਼ਾਇਦ ਉਹ ਮਨੋ ਮਨੀ ਧਾਰੀ ਬੈਠੇ ਸਨ ਕਿ ਸਮੂਹ ਸਿੱਖ ਵਸੋਂ ਹੀ ਆਤੰਕਵਾਦੀ ਹੋ ਗਈ ਹੈ। ਜਾਂ ਉਨ੍ਹਾਂ 'ਤੇ ਸਿੱਖ ਵਿਰੋਧੀਆਂ ਵਲੋਂ ਕੀਤੇ ਪਰਚਾਰ ਦਾ ਬਹੁਤ ਪ੍ਰਭਾਵ ਹੋ ਗਿਆ ਸੀ। ਸ਼ਾਇਦ ਇਹ ਕਾਰਨ ਵੀ ਹੋਵੇ ਕਿ ਉਸ ਦਿਨ ਹੋਰ ਗਰਮ ਖਬਰਾਂ ਹੀ ਪ੍ਰਾਪਤ ਨਾ ਹੋਈਆਂ ਹੋਣ। ਕੁਝ ਵੀ ਸੀ, ਇਸ ਤਰ੍ਹਾਂ ਦੀ ਪੱਤਰਕਾਰੀ ਤਵੱਜੋਂ ਅਨੁਚਿਤ ਜਾਪਦੀ ਸੀ। ਇਕ ਰੋਜ਼ਾਨਾ ਅਖਬਾਰ ਨੇ ਤਾਂ ਉਚੇਚਾ ਸੰਪਾਦਕੀ ਲੇਖ ਵੀ ਲਿਖਿਆ। ਉਸ ਲੇਖ ਦੀ ਦਲੀਲ ਸੀ ਕਿ ਕਿੱਡੇ ਅਫਸੋਸ ਦੀ ਗੱਲ ਹੈ ਕਿ ਸਿੱਖਾਂ ਨੂੰ ਮੁਜ਼ਾਹਰਾ ਕਰਕੇ ਇਹ ਆਖਣ ਦੀ ਜ਼ਰੂਰਤ ਪਈ ਕਿ ਸਿੱਖ ਆਤੰਕਵਾਦ ਦੇ ਪ੍ਰਸ਼ੰਸਕ ਨਹੀਂ ਹਨ, ਕਤਲੋ ਗਾਰਤ ਦੀ ਨਿੰਦਾ ਕਰਦੇ ਹਨ। ਇਸ ਹੱਦ ਤੱਕ ਨੌਬਤ ਹੀ ਨਹੀਂ ਸੀ ਆਉਣੀ ਚਾਹੀਦੀ। ਲੋਕਾਂ ਸਿੱਖਾਂ ਨੂੰ ਐਵੇਂ ਬਦਨਾਮ ਕੀਤਾ ਹੋਇਆ ਹੈ। ਇਹ ਸੰਪਾਦਕੀ ਵੇਖ ਕੇ ਸਮਝ ਨਹੀਂ ਸੀ ਆ ਰਹੀ ਕਿ ਮੱਥਾ ਕੌਣ ਟੇਕ ਰਿਹਾ ਹੈ ਅਤੇ ਅਸੀਸ ਕੌਣ ਦੇ ਰਿਹਾ ਹੈ।

1983 ਵਿਚ ਇਹੋ ਸੰਪਾਦਕ ਹੀ ਸ਼ਿਕਵਾ ਕਰਿਆ ਕਰਦੇ ਸਨ ਕਿ ਵੇਖੋ ਪੰਜਾਬ ਵਿਚ ਕੀ ਮਾਰ ਸਾੜ ਚੱਲ ਰਹੀ ਹੈ। ਸਿੱਖ ਬੁੱਧੀਜੀਵੀ ਬੋਲਦੇ ਨਹੀਂ। ਸਿੱਖ ਸਮਾਜ ਇਸ ਦੀ ਨਿੰਦਾ ਨਹੀਂ ਕਰਦਾ। ਘਰੋ ਘਰੀਂ ਬੈਠੇ ਹੋਏ ਹਨ। ਜਿਵੇਂ ਕਿ ਰੂਸ ਦੀ ਵਿਦੇਸ਼ ਨੀਤੀ ਬਾਰੇ ਹਰ ਕਾਮਰੇਡ ਨੂੰ ਗਲੀਆਂ ਵਿਚ ਸਫਾਈ ਦੇਣੀ ਜ਼ਰੂਰੀ ਹੋਵੇ। ਜਾਂ ਭਾਰਤ ਪਾਕਿਸਤਾਨ ਲੜਾਈ ਸਮੇਂ ਅਮਰੀਕਾ ਵਿਚ ਵਸਦੇ ਭਾਰਤੀਆਂ ਅਤੇ ਪਾਕਿਸਤਾਨੀਆਂ ਦਾ ਆਪਸ ਵਿਚ ਨਾਰਾਜ਼ ਹੋਣਾ ਜ਼ਰੂਰੀ ਹੋਵੇ ਜਾਂ ਲਾਰਕਿਨ 'ਤੇ ਮੁਕੱਦਮਾ ਬਣ ਜਾਣ ਮਗਰੋਂ ਸਮੂਹ ਈਸਾਈ ਮੱਤ ਦਾ ਫਰਜ਼ ਉਹਦੇ ਦੇਸ਼ ਵਿਰੋਧੀ ਕੰਮਾਂ ਦੀ ਨਿੰਦਾ ਕਰਨਾ ਹੋਵੇ ਜਾਂ ਗੁਜਰਾਤ ਵਿਚ ਉਚ ਜਾਤੀਆਂ ਵਲੋਂ ਨੀਵਿਆਂ ਤੇ ਉਪੱਦਰਾਂ ਮਗਰੋਂ ਸਮੁੱਚੀਆਂ ਧਿਰਾਂ ਨੂੰ ਬਾਜ਼ਾਰਾਂ ਵਿਚ ਮੁਜ਼ਾਹਰੇ ਰਾਹੀਂ ਆਪਣੀ ਵਿਚਾਰ ਦੱਸਣੇ ਦੇਸ਼ ਦਾ ਦਸਤੂਰ ਹੋਵੇ।

ਸੱਚ ਤਾਂ ਸਦਾ ਹੀ ਇਹ ਸੀ ਕਿ ਥੋੜੇ ਜਿਹੇ ਲੋਕ ਵਾਰਦਾਤਾਂ ਕਰਦੇ ਹਨ। ਆਪਣੇ ਕਰਤੱਵ ਨੂੰ ਉਚਿਤਵ ਦੇਣ ਵਾਸਤੇ ਉਨ੍ਹਾਂ ਨੂੰ ਆੜ ਦੀ ਲੋੜ ਹੁੰਦੀ ਹੈ। ਪਰ ਸਿੱਖ ਅਤੇ ਸਿੱਖ ਸਮਾਜ ਆਤੰਕ ਦਾ ਸਮਰਥਕ ਕਦਾਚਿਤ ਵੀ ਨਹੀਂ ਹੋ ਸਕਦਾ ਕਿਉਂਕਿ ਸਿੱਖੀ ਤਾਂ ਪ੍ਰੇਮ ਸੁਮਾਰਗ ਹੈ ਦੰਡ ਮਾਰਗ ਨਹੀਂ।

## ਤੰਬਾਕੂਨੋਸ਼ੀ 'ਤੇ ਰੋਕ ਲਗੇਗੀ

ਮੋਗਾ — ਪੰਜਾਬ ਸਰਕਾਰ ਆਪਣੇ ਦਫਤਰਾਂ, ਖਾਸ ਕਰ ਸਿਵਲ ਸੈਕਟਰੀਏਟ ਅਤੇ ਪੰਜਾਬ ਵਿਧਾਨ ਸਭਾ, ਵਿਚ ਤੰਬਾਕੂਨੋਸ਼ੀ ਉਪਰ ਪਾਬੰਦੀ ਲਗਾਉਣ ਵਾਰੇ ਸੋਚ ਰਹੀ ਹੈ। ਰਾਜ ਦੇ ਤੰਬਾਕੂਨੋਸ਼ੀ ਵਿਰੋਧੀ ਲੋਕਾਂ ਅਤੇ ਕੁਝ ਅਕਾਲੀ ਵਰਕਰਾਂ ਨੇ ਸਰਕਾਰੀ ਦਫਤਰਾਂ ਵਿਚ ਤੰਬਾਕੂਨੋਸ਼ੀ ਉਪਰ ਰੋਕ ਲਾਉਣ ਦਾ ਸੁਝਾਓ ਰਾਜ ਸਰਕਾਰ ਨੂੰ ਦਿੱਤਾ ਹੈ। ਪਤਾ ਲੱਗਾ ਹੈ ਕਿ ਸਰਕਾਰੀ ਦਫਤਰਾਂ ਵਿਚ ਤੰਬਾਕੂਨੋਸ਼ੀ ਉਪਰ ਸਖਤ ਪਾਬੰਦੀ ਲੱਗਣ ਨਾਲ ਜਿਥੇ ਤੰਬਾਕੂਨੋਸ਼ਾਂ ਦੇ ਪੈਸੇ ਬਚਣਗੇ ਅਤੇ ਉਥੇ ਕੰਮ ਵੀ ਵਧੇਰੇ ਹੋਵੇਗਾ। ਮੈਡੀਕਲ ਪ੍ਰੈਕਟੀਸ਼ਨਰਜ਼ ਸੁਸਾਇਟੀ, ਪੰਜਾਬ ਨੇ ਵੀ ਰਾਜ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਤੰਬਾਕੂਨੋਸ਼ੀ ਉਪਰ ਰੋਕ ਲਗਾਵੇ ਕਿਉਂਕਿ ਇਹ ਸਿਹਤ ਲਈ ਹਾਨੀਕਾਰਕ ਹੈ।

## ਜੇਲ੍ਹਰ ਦੀ ਗ੍ਰਿਫਤਾਰੀ ਦਾ ਹੁਕਮ

ਅਹਿਮਦਾਬਾਦ — ਦਹਿਸ਼ਤਪਸੰਦ ਹਰਜਿੰਦਰ ਸਿੰਘ ਜਿੰਦਾ ਦੀ ਫਰਾਰੀ ਦੇ ਸਬੰਧ ਵਿਚ ਸਾਬਰਮਤੀ ਸੈਂਟਰਲ ਜੇਲ੍ਹ ਦੇ ਜੇਲ੍ਹਰ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਕਾਂਡ ਵਿਚ ਉਸ ਨੂੰ ਪਹਿਲਾਂ ਹੀ ਮੁਅੱਤਲ ਕੀਤਾ ਜਾ ਚੁੱਕਿਆ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਜੇਲ੍ਹਰ ਫਰਾਰ ਹੈ ਅਤੇ ਉਸ ਨੇ ਪੇਸ਼ਗੀ ਜ਼ਮਾਨਤ ਕਰਵਾ ਲਈ ਹੈ। ਜਿੰਦਾ ਦੇ ਫਰਾਰ ਹੋਣ ਦੇ ਮਾਮਲੇ ਵਿਚ ਹੁਣ ਤਕ ਅਹਿਮਦਾਬਾਦ ਦੀ ਪੁਲੀਸ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ ਜਿਨ੍ਹਾਂ ਵਿਚੋਂ ਤਿੰਨ ਪੁਲੀਸ ਕਾਂਸਟੇਬਲ, ਦੋ ਜੇਲ੍ਹ ਮੁਲਾਜ਼ਮ ਤੇ ਇਕ ਹੋਟਲ ਮਾਲਕ ਹੈ। ਇਹ ਸਾਰੇ ਹੀ ਦਹਿਸ਼ਤਵਾਦ ਵਿਰੋਧੀ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਹਨ। ਇਸੇ ਦੌਰਾਨ ਗੁਜਰਾਤ ਅਤੇ ਨਾਲ ਦੇ ਰਾਜਾਂ ਵਿਚ ਜਿੰਦਾ ਦੀ ਵੱਡੀ ਪੱਧਰ ਉਤੇ ਤਲਾਸ਼ ਕੀਤੀ ਜਾ ਰਹੀ ਹੈ। ਉਸ ਦੀ ਭਾਲ ਦੇ ਕੰਮ ਦੀ ਨਿਗਰਾਨੀ ਖੁਦ ਡਾਇਰੈਕਟਰ ਜਨਰਲ ਪੁਲੀਸ, ਸ਼ਿਵ ਲਾਲ ਕਰ ਰਹੇ ਹਨ।

ਹਾਲਾਤ ਜਿਸ ਕਦਰ ਨੇ ਹੁੰਦੇ ਗਏ ਪਚੀਦਾ।
ਤੂੰ ਸਮਝ ਨਾ ਸਕੇਂਗਾ ਓ ਭੋਲਿਆ ਫਰੀਦਾ!

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
Burnaby, B.C.

SunLife OF CANADA

Get your life in shape.

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.
Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661

'20 - 8th AVE. S.E. CALGARY, ALTA T2A 4L7

# ਪੱਲੇ ਹਥਿਆਰ ਨੀਂ ਬੰਨ੍ਹਦੇ, ਦਹਿਸ਼ਤਵਾਦੀ ਲੋਕ

ਲੁਧਿਆਣਾ — ਦਹਿਸ਼ਤਪਸੰਦਾਂ ਨੂੰ ਵਾਰਦਾਤ ਕਰਨ ਲਈ ਅਸਲਾ ਉਨ੍ਹਾਂ ਦੀ ਮੰਜ਼ਲ ਦੇ ਨੇੜੇ ਜਾ ਕੇ ਦਿੱਤਾ ਜਾਂਦਾ ਹੈ ਅਤੇ ਉਹ ਸਫਰ ਦੌਰਾਨ ਆਪਣੇ ਨਾਲ ਅਸਲਾ ਨਹੀਂ ਚੁੱਕਦੇ। ਇਹ ਇਕਸ਼ਾਫ ਖੰਨਾ ਗੋਲੀ ਕਾਂਡ ਦੇ ਸਬੰਧ ਵਿਚ ਫੜੇ ਗਏ ਸੁਰਿੰਦਰਜੀਤ ਸਿੰਘ, ਕੁਲਵਿੰਦਰ ਸਿੰਘ ਉਰਫ ਕੇਵਲ ਸਿੰਘ ਅਤੇ ਜਗਦੇਵ ਸਿੰਘ ਨੇ ਪੁੱਛਗਿੱਛ ਦੌਰਾਨ ਕੀਤਾ। ਇਨ੍ਹਾਂ ਦੱਸਿਆ ਕਿ ਦਰਬਾਰ ਸਾਹਿਬ ਅੰਦਰ ਬਹੁਤੇ ਹਥਿਆਰ ਨਹੀਂ ਹਨ। ਦਹਿਸ਼ਤਪਸੰਦਾਂ ਨੂੰ ਵਾਰਦਾਤ ਵਾਲੀ ਥਾਂ ਦੇ ਨੇੜੇ ਕੋਈ ਜਗ੍ਹਾ ਦੱਸੀ ਜਾਂਦੀ ਹੈ ਜਿਥੇ ਇਨ੍ਹਾਂ ਨੂੰ ਹਥਿਆਰ ਦੇ ਦਿਤੇ ਜਾਂਦੇ ਹਨ।

ਮੁਲਜ਼ਮਾਂ ਨੇ ਦੱਸਿਆ ਕਿ ਉਹ 4 ਅਪ੍ਰੈਲ ਨੂੰ ਤਰਨਤਾਰਨ ਤੋਂ ਬੱਸ ਰਾਹੀਂ ਅਮਲੋਹ ਰੋਡ ਉਪਰ ਪਿੰਡ ਮਾਜਰੀ ਪੁੱਜੇ ਜਿੱਥੇ ਉਨ੍ਹਾਂ ਨੂੰ ਹਥਿਆਰ ਦਿਤੇ ਗਏ। ਉਸੇ ਰਾਤ ਇਨ੍ਹਾਂ ਨੇ ਖੰਨਾ ਵਿਚ ਵਾਰਦਾਤ ਕਰ ਕੇ ਤਿੰਨ ਬੰਦੇ ਮਾਰ ਦਿਤੇ ਅਤੇ ਇੰਨੇ ਹੀ ਜ਼ਖਮੀ ਕਰ ਦਿੱਤੇ। ਵਾਰਦਾਤ ਕਰਨ ਵਾਲੇ ਚਾਰ ਮੈਂਬਰੀ ਟੋਲੇ ਵਿਚੋਂ ਤਿੰਨ ਫੜੇ ਗਏ ਸਨ ਜਦ ਕਿ ਚੌਥਾ ਦਮਦਮੀ ਟਕਸਾਲ ਦਾ ਕਾਰਕੁਨ ਅਤੇ ਇਸ ਟੋਲੇ ਦਾ ਮੁਖੀਆ ਭੱਜ ਨਿਕਲਣ ਵਿਚ ਸਫਲ ਹੋ ਗਿਆ। ਇਨ੍ਹਾਂ ਦਹਿਸ਼ਤਪਸੰਦਾਂ ਨੇ ਪੁਲੀਸ ਨੂੰ ਉਨ੍ਹਾ ਬੰਦਿਆਂ ਬਾਰੇ ਵੀ ਦੱਸਿਆ ਜੋ ਕਿ ਦਹਿਸ਼ਤਪਸੰਦਾਂ ਨੂੰ ਉਨ੍ਹਾਂ ਦਾ ਨਿਸ਼ਾਨਾ ਦੱਸਦੇ ਹਨ ਅਤੇ ਹਥਿਆਰ ਦਿੰਦੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਉਪਰੋਕਤ ਬੰਦੇ ਦਰਬਾਰ ਸਾਹਿਬ ਕੰਪਲੈਕਸ ਵਿਚ ਰਹਿੰਦੇ ਹਨ।

ਕੁਲਵਿੰਦਰ ਸਿੰਘ ਉਰਫ ਕੇਵਲ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਉਹ ਨਵੰਬਰ 1984 ਦੇ ਦੰਗਿਆਂ ਪਿਛੋਂ ਯੂ. ਪੀ. ਵਿਚ ਸ਼ਾਹਜਹਾਨ ਪੁਰ ਤੋਂ ਅੰਮ੍ਰਿਤਸਰ ਆਇਆ। ਦੰਗਿਆਂ ਵਿਚ ਫਸਾਦੀਆਂ ਨੇ ਉਸ ਦੀ ਮਾਂ, ਭੈਣ ਅਤੇ ਚਾਚੇ ਨੂੰ ਕਤਲ ਕਰ ਦਿਤਾ ਜਦ ਕਿ ਉਸ ਦੀ ਚਾਚੀ ਨੂੰ ਅਗਵਾ ਕਰ ਕੇ ਲੈ ਗਏ। ਉਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਜਦੋਂ ਤੋਂ ਉਹ ਅੰਮ੍ਰਿਤਸਰ ਆਇਆ, ਉਹ ਦਰਬਾਰ ਸਾਹਿਬ ਵਿਚ ਲੰਗਰ ਦੀ ਸੇਵਾ ਕਰ ਰਿਹਾ ਹੈ ਜਿਥੋਂ ਉਹ ਦਮਦਮੀ ਟਕਸਾਲ ਦੇ ਆਗੂਆਂ ਦੇ ਸੰਪਰਕ ਵਿਚ ਆਇਆ। ਉਸ ਦੀ ਖੱਬੀ ਬਾਂਹ ਵੱਢੀ ਹੋਈ ਹੈ।

ਸੁਰਿੰਦਰਜੀਤ ਸਿੰਘ ਦਾ ਕੁਝ ਹਫਤੇ ਪਹਿਲਾਂ ਮਾਪਿਆਂ ਨਾਲ ਝਗੜਾ ਹੋ ਗਿਆ ਤੇ ਉਹ ਰੁੱਸ ਕੇ ਦਰਬਾਰ ਸਾਹਿਬ ਕੰਪਲੈਕਸ ਵਿਚ ਆ ਗਿਆ। ਇਥੇ ਦਹਿਸ਼ਤਪਸੰਦਾਂ ਨੇ ਉਸ ਨੂੰ ਆਪਣੇ ਰਾਹ ਤੋਰ ਲਿਆ। ਜਗਦੇਵ ਸਿੰਘ ਦਾ ਸ੍ਰੀ ਅਕਾਲ ਤਖਤ ਆਉਣ ਜਾਣ ਆਮ ਹੈ। ਸ੍ਰੀ ਅਕਾਲ ਤਖਤ ਦੇ ਦਰਸ਼ਨਾਂ ਨੂੰ ਆਇਆਂ ਹੀ ਜਗਦੇਵ ਸਿੰਘ ਦਾ ਸੰਪਰਕ ਦਮਦਮੀ ਟਕਸਾਲ ਦੇ ਬਾਬਾ ਦਰਸ਼ਨ ਸਿੰਘ ਨਾਲ ਹੋਇਆ ਜੋ ਕਿ ਦਹਿਸ਼ਤਪਸੰਦਾਂ ਨੂੰ ਜਥੇਬੰਦ ਕਰਦਾ ਹੈ। ਪਤਾ ਲੱਗਾ ਹੈ ਕਿ ਜਗਦੇਵ ਸਿੰਘ ਨੇ ਪੁਲੀਸ ਨੂੰ ਇਹ ਵੀ ਦੱਸਿਆ ਕਿ ਉਸ ਨੇ ਜਲਾਲਾਬਾਦ ਦੇ ਇਕ ਯੁਵਾ ਅਕਾਲੀ ਨੇਤਾ ਉਪਰ ਹਮਲਾ ਕਰਨ ਦੇ ਕਈ ਯਤਨ ਕੀਤੇ ਪਰ ਉਸ ਨੂੰ ਸਫਲਤਾ ਨਹੀਂ ਮਿਲੀ। ਇਹ ਨੇਤਾ 19 ਜਨਵਰੀ ਨੂੰ ਮੁਖ ਮੰਤਰੀ ਪੰਜਾਬ ਦੇ ਲੜਕੇ ਗਗਨਦੀਪ ਸਿੰਘ ਨਾਲ ਸ੍ਰੀ ਅਕਾਲ ਤਖਤ ਗਿਆ ਸੀ ਜਦੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਗੋਲੀ ਚਲੀ।

ਤਿੰਨਾਂ ਨੇ ਹੀ ਪੁਲੀਸ ਨੂੰ ਦੱਸਿਆ ਕਿ 28 ਮਾਰਚ ਨੂੰ ਲੁਧਿਆਣਾ ਵਿਚ ਗੋਲੀ ਚਲਾ ਕੇ 10 ਬੰਦਿਆਂ ਨੂੰ ਹਲਾਕ ਕਰਨ ਵਾਲੇ ਗੁਰਸੇਵਕ ਸਿੰਘ ਉਰਫ ਬਬਲਾ ਅਤੇ ਜਰਨੈਲ ਸਿੰਘ 30 ਮਾਰਚ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਪੁੱਜ ਗਏ ਹਨ। ਉਕਤ ਤਿੰਨਾਂ ਹੀ ਵਿਅਕਤੀਆਂ ਦਾ 18 ਅਪਰੈਲ ਤਕ ਅਦਾਲਤ ਨੇ ਪੁਲੀਸ ਰਿਮਾਂਡ ਦਿਤਾ ਹੈ। ਇਸੇ ਦੌਰਾਨ ਖੰਨਾ ਵਿਚ ਸਵੇਰੇ ਸ਼ਾਮ ਦੋ ਵਾਰ ਕਰਫਿਊ ਵਿਚ ਢਿੱਲ ਦਿੱਤੀ ਗਈ।

# ਵੈਨਕੂਵਰ ਅਮਨ ਉਤਸਵ 27 ਅਪ੍ਰੈਲ ਨੂੰ



'ਸੂਫੀ' ਅਮਰਜੀਤ

ਪਿਛਲੇ ਚਾਰ ਸਾਲਾਂ ਤੋਂ ਵੈਨਕੂਵਰ ਦਾ ਅਮਨ ਮਾਰਚ ਸੰਸਾਰ ਭਰ ਵਿਚ ਇਕ ਵਿਸ਼ੇਸ਼ ਘਟਨਾ ਵਜੋਂ ਜਾਣਿਆ ਜਾਣ ਲੱਗਾ ਹੈ। ਪੱਛਮੀ ਸੰਸਾਰ ਵਿਚ ਵੈਨਕੂਵਰ ਨੂੰ "ਅਮਨ ਦੀ ਰਾਜਧਾਨੀ" ਦੇ ਨਾਂ ਨਾਲ ਵੀ ਯਾਦ ਕਰਦੇ ਹਨ। ਵੈਨਕੂਵਰ ਦੇ ਏਰੀਏ ਦੇ ਰਹਿਣ ਵਾਲੇ, ਸਾਨੂੰ ਲੱਖਾਂ ਲੋਕਾਂ ਨੂੰ, ਇਸ ਉਪਰ ਮਾਣ ਹੈ ਕਿ ਉਨ੍ਹਾਂ ਉਤਰੀ ਅਮਰੀਕਾ ਦੇ ਪੱਛਮੀ ਕੋਨੇ ਤੋਂ ਸੰਸਾਰ ਅਮਨ ਲਈ ਇਕ ਦ੍ਰਿੜ੍ਹ, ਜੁਝਾਰੂ ਅਤੇ ਰੋਹ ਭਰੀ ਆਵਾਜ਼ ਉਚੀ ਕੀਤੀ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਐਟਮੀ ਹਥਿਆਰਾਂ ਦਾ ਸੰਸਾਰ ਉਪਰੋਂ ਖਾਤਮਾਂ ਇਕ ਇਨਸਾਨੀ ਮੰਗ ਦੇ ਨਾਲ ਨਾਲ, ਮਨੁੱਖੀ ਹੋਂਦ ਲਈ ਲੋੜ ਵੀ ਹੈ।

ਵੈਨਕੂਵਰ ਦਾ ਅਮਨ ਮਾਰਚ ਹਰ ਸਾਲ ਅਪ੍ਰੈਲ ਮਹੀਨੇ ਦੇ ਆਖਰੀ ਸ਼ਨਿਚਰਵਾਰ ਨੂੰ ਕੀਤਾ ਜਾਂਦਾ ਹੈ, ਪ੍ਰੰਤੂ ਇਸ ਵਾਰ 'ਅਮਨ ਤਿਉਹਾਰ' ਇਕ ਹਫਤੇ ਲਈ ਮੀਟਿੰਗਾਂ, ਸੈਮੀਨਾਰਾਂ, ਸੰਸਾਰ ਪ੍ਰਸਿਧ ਵਿਅਕਤੀਆਂ ਦੇ ਲੈਕਚਰਾਂ, ਅਮਨ ਸੰਬੰਧੀ ਆਰਟ ਪ੍ਰਦਰਸ਼ਨੀਆਂ ਕਾਰਨ ਇਨ੍ਹਾਂ ਰੁਝੇਵਿਆਂ ਭਰਿਆ ਹੈ ਕਿ ਇਸ ਵਾਰ ਇਹ ਮਹਾਨ ਅਮਨ ਮਾਰਚ 27 ਅਪ੍ਰੈਲ 1986 ਨੂੰ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਸਮਾਪਤੀ 86 ਦੇ ਸੰਸਾਰ ਐਕਸਪੋ ਮੇਲੇ ਦੇ ਸਥਾਨ ਦੇ ਲਾਗੇ, ਬੀ. ਸੀ. ਪਲੇਸ ਦੇ ਸਾਹਮਣੇ ਇਕ ਵੱਡੀ ਰੈਲੀ ਦੇ ਪਿਛੋਂ ਹੋਵੇਗੀ।

ਇਹ ਅਮਨ ਮਾਰਚ "ਇੰਡ ਦਾ ਆਰਮਜ਼ ਰੇਸ ਕਮੇਟੀ" (ਹਥਿਆਰਾਂ ਦੀ ਦੌੜ ਦੇ ਖਾਤਮੇਂ ਲਈ ਕਮੇਟੀ) ਵਲੋਂ ਜੱਥੇਬੰਦ ਕੀਤਾ ਜਾਂਦਾ ਹੈ, ਜਿਸ ਨੂੰ ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਰਾਜਨੀਤਕ, ਸਮਾਜਕ, ਸਭਿਆਚਾਰਕ, ਧਾਰਮਿਕ, ਟਰੇਡ ਯੂਨੀਅਨਾਂ, ਇਸਤਰੀਆਂ, ਵਿਦਿਆਰਥੀਆਂ, ਵੱਖੋ ਵੱਖ ਦੇਸ਼ਾਂ ਚੋਂ ਆਏ ਵਿਭਿੰਨ ਪਿਛੋਕੜ ਵਾਲੇ ਲੋਕਾਂ ਦੀਆਂ ਅਨੇਕਾਂ ਜੱਥੇਬੰਦੀਆਂ ਆਦਿ ਵਲੋਂ ਪੂਰਨ ਸਹਿਯੋਗ ਪ੍ਰਾਪਤ ਹੈ, ਇਨ੍ਹਾਂ ਜੱਥੇਬੰਦੀਆਂ ਦੀ ਗਿਣਤੀ 200 ਤੋਂ ਉਪਰ ਹੈ।

ਵੈਨਕੂਵਰ ਸ਼ਤਾਬਦੀ ਅਮਨ ਕਮੇਟੀ ਵਲੋਂ 19 ਤੋਂ 27 ਅਪ੍ਰੈਲ ਤੱਕ ਵਿਸ਼ੇਸ਼ ਸਪਤਾਹ ਦੇ ਦੌਰ ਉਪਰ ਮਨਾਇਆ ਜਾ ਰਿਹਾ ਹੈ। ਇਸ ਨੌਂ ਦਿਨ ਦੇ ਅਮਨ ਉਤਸਵ ਦੀਆਂ ਸਰਗਰਮੀਆਂ ਬਹੁਪੱਖੀ ਹਨ ਜਿਸ ਵਿਚ ਸੰਸਾਰ ਦੇ ਪ੍ਰਸਿਧ ਨੀਤੀਵਾਨਾਂ, ਫੌਜੀ ਮਾਹਿਰਾਂ, ਆਰਥਕ ਅਤੇ ਸਮਾਜੀ ਖੇਤਰ ਨਾਲ ਸੰਬੰਧਿਤ ਵਿਅਕਤੀ 24 ਤੋਂ 26 ਅਪ੍ਰੈਲ ਦੇ 'ਅਮਨ ਅਤੇ ਹਥਿਆਰ ਮਨਾਹੀ' ਦੇ ਵਿਸ਼ੇ ਉਪਰ ਓਰਪੀਅਮਥੀਏਟਰ ਵਿਚ ਆਪਣੇ ਵਿਚਾਰ ਪੇਸ਼ ਕਰਨਗੇ।

ਵੈਨਕੂਵਰ ਦੀ ਮਿਉਂਸਪਲਟੀ ਅਗਾਂਹਵਧੂ ਕੋਪ ਦੇ ਆਲਡਰਮੈਨ ਸ੍ਰੀ ਬਰੂਸ ਯਾਰਕ, ਜੋ ਅਮਨ ਕਮੇਟੀ ਦੇ ਵੈਨਕੂਵਰ ਸ਼ਤਾਬਦੀ ਕਮਿਸ਼ਨ ਦੇ ਚੇਅਰ ਮੈਨ ਹਨ, ਨੇ ਕਿਹਾ, "ਕੈਨੇਡਾ ਦੇ ਇਤਿਹਾਸ ਵਿਚ ਇਸ ਅਮਨ ਉਤਸਵ ਦੀ ਬੜੀ ਵੱਡੀ ਅਤੇ ਵਿਸ਼ੇਸ਼ ਮਹੱਤਤਾ ਹੈ।" ਉਨ੍ਹਾਂ ਕਿਹਾ ਕਿ ਓਰਪੀਅਮ ਥੀਏਟਰ ਦੇ ਸੰਪੋਜ਼ੀਅਮ ਦੀਆਂ ਬਹਿਸਾਂ ਅਤੇ ਵਿਚਾਰਾਂ 'ਚੋਂ ਨਿਕਲੇ ਨਤੀਜਿਆਂ ਨੂੰ ਯੂ. ਐਨ. ਓ. ਦੀ ਹਥਿਆਰ ਮਨਾਹੀ ਦੀ ਕਾਨਫਰੰਸ ਅਤੇ ਨਾਟੋ ਤੇ ਵਾਰਸਾ ਪੈਕਟ ਦੇਸ਼ਾਂ ਨੂੰ ਪੇਸ਼ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਇਸ ਸੰਪੋਜ਼ੀਅਮ ਵਿਚ 'ਜੰਗ ਅਤੇ ਅਮਨ' ਨਾਲ ਸੰਬੰਧਿਤ ਕਲਾ ਪ੍ਰਦਰਸ਼ਨੀ, ਸਭਿਆਚਾਰਕ ਪਰੋਗਰਾਮ, ਡਰਾਮੇ, ਗੀਤ ਪਰੋਗਰਾਮ, ਜੰਗ ਤੇ ਅਮਨ ਦੇ ਵਿਸ਼ੇ ਉਪਰ ਕੌਮਾਂਤਰੀ ਫਿਲਮ ਉਤਸਵ ਦੇ ਵਲੋਂ 14 ਫਿਲਮਾਂ ਦਿਖਾਈਆਂ ਜਾਣਗੀਆਂ। ਇਸ ਦੇ ਨਾਲ ਹੀ ਐਟਮੀ ਲੜਾਈ ਸੰਬੰਧੀ ਨੌਜੁਆਨਾਂ ਦੀ ਵਿਸ਼ੇਸ਼ ਫਿਕਰਮੰਦੀ ਨੂੰ ਵੀ ਦਰਸਾਇਆ ਜਾਵੇਗਾ।

ਇਨ੍ਹਾਂ ਪਰੋਗਰਾਮਾਂ ਵਿਚ ਦੋ ਸੰਸਾਰ ਪ੍ਰਸਿਧ ਵਿਅਕਤੀ ਜੋ ਸੰਸਾਰ ਅਮਨ ਲਈ ਯਤਨਸ਼ੀਲ ਰਹੇ ਹਨ, ਵੀ ਭਾਗ ਲੈ ਰਹੇ ਹਨ, ਇਨ੍ਹਾਂ ਵਿਚ ਪੱਛਮੀ ਰਾਜਨੀਤੀ ਦੇ ਸੋਵੀਅਤ ਮਾਹਿਰ ਸ੍ਰੀ ਜੋਰਜੀ ਆਰਬਾਤੋਵ ਅਤੇ ਸਾਲਟ II ਗੱਲਾਂਬਾਤਾਂ ਵਿਚ ਅਮਰੀਕਨ ਮੁੱਖ ਨੁਮਾਇੰਦੇ ਸ੍ਰੀ ਪਾਲ ਰੈਂਕੇ ਹਨ। ਇਨ੍ਹਾਂ ਦੇ ਲੈਕਚਰਾਂ ਦਾ ਵਿਸ਼ਾ ਹੈ "ਆਪਸੀ ਹਥਿਆਰ ਮਨਾਹੀ ਅਤੇ ਐਟਮੀ ਜੰਗ ਨੂੰ ਰੋਕਣ ਵਿਚ ਸਰਕਾਰਾਂ ਕੀ ਹਿਸਾ ਪਾ ਸਕਦੀਆਂ ਹਨ।"

ਚਾਰ ਹੋਰ ਸੈਸ਼ਨਾਂ ਵਿਚ ਹੋਰਨਾਂ ਤੋਂ ਬਿਨਾਂ ਇਨ੍ਹਾਂ ਚਾਰ ਮਸਲਿਆਂ ਉਪਰ ਵੀ ਵਿਚਾਰਾਂ ਹੋਣਗੀਆਂ (ੳ) ਜਨੇਵਾ ਗੱਲਬਾਤ ਸਾਨੂੰ ਕਿੱਥੇ ਛੱਡ ਗਈ? (ਅ) ਸਟਾਰ ਵਾਰ ਕੀ ਲਿਆਵੇਗੀ? (ੲ) ਐਟਮੀ ਹਥਿਆਰਾਂ ਤੇ ਕੀਤੇ ਖਰਚਾਂ ਨੂੰ ਪੱਛਮੀ ਅਤੇ ਕਨੇਡੀਅਨ ਆਰਥਿਕਤਾ ਨੂੰ ਸੁਧਾਰਨ ਲਈ ਕਿਵੇਂ ਵਰਤਿਆ ਜਾ ਸਕਦਾ ਹੈ। (ਸ) ਕਿਵੇਂ ਇਕ ਵਿਅਕਤੀ, ਵਿਅਕਤੀਗਤ ਤੌਰ ਤੇ ਅਮਨ ਲਈ, ਐਟਮੀ ਜੰਗ ਦੇ ਖਾਤਮੇਂ ਲਈ ਕੰਮ ਕਰ ਸਕਦਾ ਹੈ?

ਇਨ੍ਹਾਂ ਸੈਸ਼ਨਾਂ ਵਿਚ ਹੋਰ ਜੋ ਸੰਸਾਰ ਪ੍ਰਸਿੱਧ ਵਿਅਕਤੀ ਭਾਗ ਲੈ ਰਹੇ ਹਨ ਉਨ੍ਹਾਂ ਵਿਚ ਕੁਝ ਇਹ ਹਨ : ਅਮਰੀਕਨ ਨੇਵੀ ਦੇ ਐਡਮਿਰਲ ਈਗਨ ਕੈਰੋਲ, ਜੋ ਅਮਰੀਕਨ ਰੱਖਿਆ ਲਈ ਸੂਚਨਾ ਕੇਂਦਰ ਦੇ ਡਿਪਟੀ ਡਰੈਕਟਰ ਵੀ ਹਨ; 'ਜਨਰਲਜ਼ ਫਾਰ ਪੀਸ' ਸੰਸਥਾ ਦੇ ਮੋਢੀ, ਫੈਡਰਲ ਰੀਪਬਲਿਕ ਆਫ ਜਰਮਨ ਦੇ ਜਨਰਲ ਗਰਟ ਬੈਸ਼ਨ ; ਪ੍ਰਸਿੱਧ ਆਰਥਿਕ ਮਾਹਿਰ ਸ੍ਰੀ ਜਾਹਨ ਕੈਨਥ ਗਾਲਬਰਥ, ਯੂਨਾਈਟਿਡ ਆਟੋ ਵਰਕਰਜ਼ ਕੈਨੇਡਾ ਦੇ ਪ੍ਰਧਾਨ ਬਾਬ ਵਾਈਟ ; ਰੈਵਰੈਂਡ ਲੂਈ ਐਮ. ਵਿਲਸਨ, ਵਰਲਡ ਕੌਂਸਲ ਆਫ ਚਰਚਜ਼ ਦੇ ਪ੍ਰਧਾਨ, ਕੈਨੇਡਾ ਦੇ ਹਥਿਆਰ ਮਨਾਹੀ ਦੇ ਰਾਜਦੂਤ ਸ੍ਰੀ ਡਗਲਸ ਰੋਚ ; ਫੈਡਰਲ ਰੀਪਬਲਿਕ ਆਫ ਜਰਮਨ ਵਿਚ 'ਗਰੀਨ ਪਾਰਟੀ' ਦੇ ਮੋਢੀ ਸ੍ਰੀ ਪੈਤਰਾ ਕੇਲੀ ; ਹੀਰੋਸ਼ੀਮਾ ਦੇ ਮੇਅਰ ਸ੍ਰੀ ਟਾਕੇਸ਼ੀ ਅਰਾਕੀ ਅਤੇ ਹੋਰ ਸੱਜਣ ਹਨ। ਮੇਅਰ ਟਾਕੇਸ਼ੀ ਅਰਾਕੀ ਹੀਰੋਸ਼ੀਮਾਂ ਵਿਖੇ ਐਟਮੀ ਬੰਬ ਡਿੱਗਣ ਤੋਂ ਮਗਰੋਂ ਬਚ ਗਏ ਸਨ।

ਇਸ ਤਰ੍ਹਾਂ ਵੈਨਕੂਵਰ ਅਤੇ ਇਸ ਨੇੜੇ ਤੇੜੇ ਦੇ ਸ਼ਹਿਰਾਂ ਦੇ ਲੋਕ 27 ਅਪ੍ਰੈਲ ਨੂੰ ਬੜੀ ਉਤਸੁਕਤਾ ਨਾਲ ਉਡੀਕ ਰਹੇ ਹਨ ਕਿਉਂਕਿ ਸੰਸਾਰ ਅਮਨ ਦੀ ਰਾਖੀ ਲਈ ਅੱਜ ਸਭ ਤੋਂ ਵਧੇਰੇ ਲੋੜ ਹੈ।

ਖੁੱਸੇ ਹੋਏ ਨੇ ਹਾਸੇ ਬੁੱਸੇ ਹੋਏ ਨੇ ਜਜ਼ਬੇ,
ਲੱਭੇ ਨਾ ਕੋਈ ਕਤਰਾ ਕਿਤਿਓਂ ਵੀ ਤਾਜ਼ਗੀ ਦਾ।


**Goyal Travels Inc.**

4152 Fraser Street, Vancouver, B.C., Canada V5V 4E8
PH: (604) 872-7658

Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

IATA



**THINKING OF TRAVEL?**
WE CAN SAVE YOU
TIME—TROUBLE—MONEY

ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

Cheapest Fares to:
FIJI—INDIA—PAKISTAN—COLOMBO—NEPAL



**NORTH AMERICAN LIFE ASSURANCE CO.**



Sunil Ahuja

**SUNIL AHUJA**
representative



- ☐ Life Insurance
- ☐ Mortgage Insurance
- ☐ Children's Educational Plans
- ☐ RRSP

Bus. 685-9335
Res. 581-6546
320, 815 West Hasting St.
VANCOUVER, B.C. V6C 2W1

# ਰੂਸ, ਅਫਗਾਨਿਸਤਾਨ 'ਚੋਂ ਫੌਜ ਕੱਢਣ ਲਈ ਤਿਆਰ — ਜ਼ਿਆ

ਲੰਦਨ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੇ ਕਿਹਾ ਹੈ ਕਿ ਉਹ ਇਸ ਨਤੀਜੇ ਉਤੇ ਪੁੱਜੇ ਹਨ ਕਿ ਸੋਵੀਅਤ ਰੂਸ, ਅਫਗਾਨਿਸਤਾਨ ਵਿਚੋਂ ਫੌਜਾਂ ਹਟਾਉਣ ਲਈ ਤਿਆਰ ਹੈ ਅਤੇ ਉਹ ਇਸ ਬਾਰੇ ਗੰਭੀਰਤਾ ਨਾਲ ਗੱਲਬਾਤ ਕਰ ਰਿਹਾ ਹੈ ਪਰ ਦੂਜੇ ਪਾਸੇ ਅਮਰੀਕੀ ਰੱਖਿਆ ਮੰਤਰਾਲੇ ਅਤੇ ਪੇਸ਼ਾਵਰ ਵਿਚ ਡੇਰਾ ਲਾਈ ਬੈਠੇ ਅਫਗਾਨ ਨੇਤਾ ਜਨਰਲ ਜ਼ਿਆ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ ਹਨ।

'ਦੀ ਅਬਜ਼ਰਵਰ' ਵਿਚ ਛਪੀ ਇੰਟਰਵਿਊ ਵਿਚ ਜਨਰਲ ਜ਼ਿਆ ਨੇ ਕਿਹਾ ਕਿ ਰੂਸ ਸਰਕਾਰ ਅਫਗਾਨਿਸਤਾਨ ਵਿਚੋਂ ਫੌਜਾਂ ਕੱਢਣ ਲਈ ਰਾਹ ਲੱਭ ਰਹੀ ਹੈ। ਜਨਰਲ ਜ਼ਿਆ ਨੇ ਦੱਸਿਆ ਕਿ ਸੋਵੀਅਤ ਨੇਤਾ ਸ੍ਰੀ ਗਾਰਵਾਚੋਫ ਨੇ ਸਪਸ਼ਟ ਕੀਤਾ ਹੈ ਕਿ ਉਹ ਤਾਂ ਅਫਗਾਨਿਸਤਾਨ ਵਿਚੋਂ ਫੌਜ ਹਟਾਉਣ ਲਈ ਤਿਆਰ ਹਨ ਪਰ ਇਸ ਗੱਲ ਦੀ ਗਰੰਟੀ ਮਿਲਣੀ ਚਾਹੀਦੀ ਹੈ ਕਿ ਕੋਈ ਵਿਦੇਸ਼ੀ ਤਾਕਤ ਉਸ ਦੇਸ਼ ਵਿਚ ਦਖਲ ਨਹੀਂ ਦੇਵੇਗੀ। ਅਫਗਾਨ ਰਾਸ਼ਟਰਪਤੀ ਬਬਰਾਕ ਕਾਰਮਲ ਨੂੰ ਰੂਸੀ ਕਠਪੁਤਲੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਸਿੱਧੀ ਗਲਬਾਤ ਲਈ ਸਹਿਮਤ ਨਹੀਂ ਹੋਵੇਗਾ।

ਭਾਰਤ ਵਲੋਂ ਦੋਸਤੀ ਅਤੇ ਸਹਿਯੋਗ ਦੀ ਸੰਧੀ ਦੀ ਪੇਸ਼ਕਸ਼ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਕਿਸਤਾਨ ਵਲੋਂ ਜੰਗ ਨਾ ਕਰਨ ਦੀ ਸੰਧੀ ਦੀ ਪੇਸ਼ਕਸ਼ ਨਾਲੋਂ ਬਹੁਤੀ ਵੱਖਰੀ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੇ ਮੰਤਰੀ ਪੱਧਰ ਦੇ ਸਾਂਝੇ ਕਮਿਸ਼ਨ ਦੀ ਅਗਲੀ ਮੀਟਿੰਗ ਵਿਚ ਦੋਵਾਂ ਸੰਧੀਆਂ ਦੇ ਖਰੜਿਆਂ ਉਤੇ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਪਾਕਿਸਤਾਨ ਦੌਰਾ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਲਿਆ ਸਕਦਾ ਹੈ। ਜਨਰਲ ਜ਼ਿਆ ਨੇ ਨਿਊ ਲਾਈਫ ਸਪਤਾਹਿਕ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਸੋਵੀਅਤ ਰੂਸ, ਅਫਗਾਨ ਮਸਲੇ ਉਤੇ ਪਾਕਿਸਤਾਨ ਨੂੰ ਝੁਕਾਉਣਾ ਚਾਹੁੰਦਾ ਹੈ ਅਤੇ ਇਸੇ ਕਾਰਨ ਪੇਸ਼ਾਵਰ ਵਿਚ ਬੰਬ ਧਮਾਕੇ ਵੀ ਹੋਏ ਹਨ।

## ਸਰਹੱਦ ਟੱਪਦੇ ਦੋ ਕਾਬੂ

ਨਵੀਂ ਦਿੱਲੀ — ਸੀਮਾ ਸੁਰੱਖਿਆ ਦਲ ਦੇ ਜਵਾਨਾਂ ਨੇ ਹਿੰਦ-ਪਾਕਿ ਸਰਹੱਦ ਉਤੇ ਪੰਜਾਬ ਤੇ ਜੰਮੂ ਦੇ ਖੇਤਰ ਵਿਚੋਂ ਦੋ ਵਿਅਕਤੀਆਂ ਨੂੰ ਸ਼ੱਕੀ ਹਾਲਤ ਵਿਚ ਘੁੰਮਦੇ ਹੋਏ ਕਾਬੂ ਕੀਤਾ। ਨੂਰ ਮੁਹੰਮਦ ਨਾਮੀ ਇਕ ਵਿਅਕਤੀ ਜੋ ਆਪਣੇ ਆਪ ਨੂੰ ਪਟਨਾ ਜ਼ਿਲੇ ਦਾ ਰਹਿਣ ਵਾਲਾ ਦੱਸਦਾ ਹੈ, ਨੂੰ ਜੰਮੂ ਏਰੀਏ 'ਚ ਮਖਨੂਰ ਨੇੜਿਓਂ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਪਾਕਿਸਤਾਨ ਵਲੋਂ ਭਾਰਤੀ ਇਲਾਕੇ ਵਿਚ ਦਾਖਲ ਹੋਣ ਦਾ ਯਤਨ ਕਰ ਰਿਹਾ ਸੀ। ਸੀਮਾ ਸੁਰੱਖਿਆ ਦਲ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਦੂਜਾ ਵਿਅਕਤੀ ਨਕੋਦਰ ਤਹਿਸੀਲ ਦਾ ਰਹਿਣ ਵਾਲਾ ਹੈ ਤੇ ਉਸ ਨੂੰ ਪਾਕਿਸਤਾਨ ਵਲ ਦਾਖਲ ਹੋਣ ਦਾ ਯਤਨ ਕਰਦੇ ਸਮੇਂ ਕਾਬੂ ਕੀਤਾ। ਉਸ ਕੋਲੋਂ ਕੁਝ ਕਾਗਜ਼ਾਤ ਤੇ ਕੁਝ ਅਖਬਾਰ ਮਿਲੇ ਹਨ।

# ਹੁਣ ਵਾਰੀ ਦਿੱਲੀ ਦੀ .....

ਨਵੀਂ ਦਿੱਲੀ — ਦਿੱਲੀ ਪੁਲੀਸ ਨੂੰ ਦਹਿਸ਼ਤਪਸੰਦਾਂ ਦੇ ਦਿੱਲੀ ਵਿਚ ਦਾਖਲ ਹੋਣ ਤੇ ਮੌਕਾ ਮਿਲਦੇ ਹੀ ਵਾਰਦਾਤ ਕਰਨ ਲਈ ਯਤਨਸ਼ੀਲ ਹੋਣ ਬਾਰੇ ਖਬਰਾਂ ਮਿਲਣ ਉਤੇ ਪੂਰੀ ਤਰ੍ਹਾਂ ਚੌਕਸ ਕਰ ਦਿੱਤਾ ਗਿਆ ਹੈ ਅਤੇ ਰਾਜਧਾਨੀ ਵਿਚ ਅਪਰੇਸ਼ਨ 'ਬਲੈਕਰੋਜ਼' ਸ਼ੁਰੂ ਕੀਤਾ ਗਿਆ ਹੈ। ਅਹਿਮਦਾਬਾਦ ਪੁਲੀਸ ਦੀ ਹਿਰਾਸਤ ਪਿਛੋਂ ਭਿਆਨਕ ਦਹਿਸ਼ਤਪਸੰਦ ਹਰਜਿੰਦਰ ਸਿੰਘ ਜਿੰਦਾ ਦੇ ਫਰਾਰ ਹੋ ਜਾਣ ਅਤੇ ਪੰਜਾਬ ਵਿਚ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਵਧਣ ਕਾਰਨ ਰਾਜਧਾਨੀ ਦੀ ਪੁਲੀਸ ਨੂੰ ਇਹ ਵਿਸ਼ਵਾਸ਼ ਹੋ ਗਿਆ ਹੈ ਕਿ ਹੁਣ ਵਾਰੀ ਦਿੱਲੀ ਦੀ ਹੈ। ਖੁਫੀਆ ਏਜੰਸੀਆਂ ਨੇ ਇਹ ਵੀ ਸੂਹ ਦਿੱਤੀ ਹੈ ਕਿ ਪੰਜਾਬ ਵਿਚ ਦਹਿਸ਼ਤਪਸੰਦਾਂ ਵਿਰੁਧ ਵੱਡੀ ਪੱਧਰ ਉਤੇ ਸ਼ੁਰੂ ਕੀਤੀ ਗਈ ਕਾਰਵਾਈ ਕਾਰਨ ਉਥੇ ਦਹਿਸ਼ਤਪਸੰਦ ਕੁਝ ਦਿਨਾਂ ਲਈ ਠੰਢੇ ਪੈਣ ਨੂੰ ਮਜਬੂਰ ਹੋ ਜਾਣਗੇ। ਇਸ ਠੰਢ-ਠੰਢੋਰੇ ਦੌਰਾਨ ਉਹ ਦਿੱਲੀ ਉਤੇ ਧਾਵਾ ਕਰਨਗੇ। ਇਹੋ ਕਾਰਨ ਹੈ ਕਿ ਦਿੱਲੀ ਦੇ 30,000 ਪੁਲੀਸ ਮੁਲਾਜ਼ਮ ਅਤੇ 2000 ਖੁਫੀਆ ਮੁਲਾਜ਼ਮਾਂ ਬੜੀ ਮੁਸਤੈਦੀ ਨਾਲ ਦਹਿਸ਼ਤਪਸੰਦਾਂ ਦੀ ਭਾਲ ਕਰਨ ਵਿਚ ਲੱਗੇ ਹੋਏ ਹਨ। ਬੀਤੇ ਇਕ ਸਾਲ ਦੌਰਾਨ ਇਹ ਤੀਸਰਾ ਮੌਕਾ ਹੈ ਕਿ ਰਾਜਧਾਨੀ ਵਿਚ ਇਸ ਤਰ੍ਹਾਂ ਮੁਸਤੈਦੀ ਨਾਲ ਦਹਿਸ਼ਤਪਸੰਦਾਂ ਦੀ ਭਾਲ ਸ਼ੁਰੂ ਹੋਈ ਹੈ। ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਸੁਰੱਖਿਆ ਪ੍ਰਣਾਲੀ ਦੀ ਪਕਿਆਈ ਜਾਨਣ ਲਈ . ਦਿੱਲੀ ਪੁਲੀਸ ਦੀ ਸਕਿਉਰਿਟੀ ਬਰਾਂਚ ਦੀਆਂ 'ਮੁਕ ਮਸ਼ਕਾਂ' ਤਸੱਲੀਬਖਸ਼ ਸਾਬਤ ਨਹੀਂ ਹੋਈਆਂ।

# ਭੀੜ ਵਲੋਂ ਗੜ੍ਹਸ਼ੰਕਰ ਥਾਣੇ 'ਤੇ ਬੰਬ, ਹੁਸ਼ਿਆਰਪੁਰ ਹਾਜੀਪੁਰ 'ਚ ਕਰਫੀਊ

ਚੰਡੀਗੜ੍ਹ — ਹੁਸ਼ਿਆਰਪੁਰ ਜ਼ਿਲੇ ਦੇ ਇਕ ਹੋਰ ਕਸਬੇ ਗੜ੍ਹਸ਼ੰਕਰ ਵਿਚ ਕਰਫਿਊ ਲਗਾ ਦਿਤਾ ਗਿਆ ਜਦ ਕਿ ਹੁਸ਼ਿਆਰਪੁਰ ਅਤੇ ਹਾਜੀਪੁਰ ਵਿਚ ਦਿਨ ਦਾ ਕਰਫਿਊ ਸਾਵਧਾਨੀ ਵਜੋਂ ਮੁੜ ਲਾਗੂ ਕਰ ਦਿੱਤਾ ਗਿਆ। ਗੜ੍ਹਸ਼ੰਕਰ ਵਿਖੇ ਦਹਿਸ਼ਤਪਸੰਦਾਂ ਵਲੋਂ ਫਾਇਰਿੰਗ ਪਿਛੋਂ ਹਜੂਮ ਬੇਕਾਬੂ ਹੋ ਉਠਿਆ ਸੀ। ਇਸ ਘਟਨਾ ਵਿਚ ਇਕ ਸ਼ਿਵ ਸੈਨਾ ਵਰਕਰ ਸਣੇ ਦੋ ਬੰਦੇ ਜ਼ਖਮੀ ਹੋ ਗਏ ਸਨ।

ਜਲੰਧਰ ਜ਼ਿਲੇ ਦੇ ਉਪ ਮੰਡਲ ਕਸਬੇ ਨਕੋਦਰ ਵਿਚ ਕਰਫਿਊ ਬਦਸਤੂਰ ਜਾਰੀ ਰਿਹਾ ਤੇ ਉਥੇ ਜ਼ਰਾ ਵੀ ਢਿੱਲ ਨਹੀਂ ਦਿੱਤੀ ਗਈ। ਜਲੰਧਰ ਸ਼ਹਿਰ, ਜਿੱਥੋਂ ਕਰਫਿਊ ਹਟਾ ਲਿਆ ਗਿਆ ਸੀ, ਅਮਨ ਅਮਾਨ ਰਿਹਾ।

### ਬੈਂਤ ਚਾਰਜ

ਹੁਸ਼ਿਆਰਪੁਰ — ਕਰਫਿਊ ਦੇ ਬਾਵਜੂਦ ਸਥਾਨਕ ਥਾਣੇ ਦਾ ਘਿਰਾਓ ਕਰ ਰਹੇ ਸ਼ਿਵ ਸੈਨਾ ਵਰਕਰਾਂ ਨੂੰ ਖਿਡਾਉਣ ਲਈ ਪੁਲੀਸ ਨੂੰ ਬੈਂਤ ਚਾਰਜ ਕਰਨਾ ਪਿਆ। ਇਹ ਹਜੂਮ ਥਾਣੇ ਅੱਗੇ ਗੜਬੜ ਸਬੰਧੀ ਗ੍ਰਿਫਤਾਰ ਸ਼ਿਵ ਸੈਨਾ ਵਰਕਰਾਂ ਨੂੰ ਰਿਹਾਅ ਕਰਨ ਦੀ ਮੰਗ ਕਰ ਰਿਹਾ ਸੀ। ਜ਼ਿਲੇ ਦੇ ਮੁਖੀ ਮਲਕੀਅਤ ਸਿੰਘ ਕੈਲੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜੌੜਾ ਮਹੱਲਾ ਜਿਥੇ ਇਹ ਘਟਨਾ ਵਾਪਰੀ, ਵਿਚ ਕਾਰ ਜਾਂ ਜੀਪ ਜਾ ਹੀ ਨਹੀਂ ਸਕਦੀ। ਅਸਲ ਵਿਚ ਤਿੰਨ ਅਤਿਵਾਦੀ ਪੈਦਲ ਹੀ ਜੌੜਾ ਮਹੱਲਾ ਵਿਚ ਗਏ ਅਤੇ ਵਾਰਦਾਤ ਕਰਨ ਮਗਰੋਂ ਨਿਕਲ ਗਏ। ਤਿੰਨਾਂ ਨੇ ਹੀ ਖੇਸੀਆਂ ਦੀ ਬੁੱਕਲ ਮਾਰੀ ਹੋਈ ਸੀ। ਅਗਰ ਇਨ੍ਹਾਂ ਨੇ ਕਿਸੇ ਮੋਟਰ ਗੱਡੀ ਦੀ ਵਰਤੋਂ ਕੀਤੀ ਵੀ ਤਾਂ ਉਹ ਵਾਰਦਾਤ ਕਰਨ ਪਿੱਛੋਂ ਮੁਹੱਲੇ ਵਿਚੋਂ ਨਿਕਲਕੇ ਕੀਤੀ। ਘਟਨਾ ਸਬੰਧੀ ਇਕ ਕਾਰ ਕਬਜ਼ੇ ਵਿਚ ਲਈ ਗਈ ਅਤੇ ਇਕ ਬੰਦੇ ਨੂੰ ਹਿਰਾਸਤ ਵਿਚ ਲਿਆ ਗਿਆ।

### ਬੰਦਾ ਕਤਲ

ਇਥੋਂ ਛੇ ਕਿਲੋਮੀਟਰ ਦੂਰ ਹਾਜੀਪੁਰ ਥਾਣੇ ਦੇ ਪਿੰਡ ਅਗਲੋਰ ਦੇ ਲੱਭੂਰਾਮ ਦੀ ਲਾਸ਼ ਖੇਤਾਂ ਵਿਚੋਂ ਮਿਲੀ ਹੈ। ਪਿੰਡ ਦੇ ਸਰਪੰਚ ਖੁਸ਼ਾਲ ਰਾਮ ਅਨੁਸਾਰ ਮ੍ਰਿਤਕ ਬੀਤੇ ਸੱਤ ਸਾਲਾਂ ਤੋਂ ਜੀਤੋ ਨਾਮ ਦੀ ਇਕ ਔਰਤ ਨਾਲ ਰਹਿ ਰਿਹਾ ਸੀ। ਜੀਤੋ ਵੀ ਗੁੰਮ ਹੈ ਤੇ ਉਸ ਦੇ ਘਰ ਦੇ ਦਰਵਾਜ਼ੇ ਬੰਦ ਹਨ। ਪੁਲੀਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿਤੀ ਹੈ।

### ਪੰਜ ਗ੍ਰਿਫਤਾਰ

ਗੜ੍ਹਸ਼ੰਕਰ — ਇਥੇ ਇਕ ਵਾਪਰੀ ਘਟਨਾ ਪਿਛੋਂ ਥਾਣੇ ਉਪਰ ਦਸਤੀ ਬੰਬ ਸੁੱਟਣ ਅਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਪੁਲੀਸ ਨੇ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਨਾਮ ਮੋਹਨ ਲਾਲ, ਸੰਜੇ, ਸਤੀਸ਼, ਅਸ਼ੋਕ ਅਤੇ ਬਿੱਲੂ ਹਨ। ਇਨ੍ਹਾਂ ਵਿਰੁੱਧ ਭਾਰਤੀ ਦੰਡ ਵਿਧਾਨ ਦੀ ਧਾਰਾ 307 ਧਮਾਕਾਖੇਜ਼ ਵਸਤਾਂ ਬਾਰੇ ਕਾਨੂੰਨ ਦੀ ਧਾਰਾ ਤਿੰਨ ਅਤੇ ਚਾਰ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25/54/59 ਅਧੀਨ ਕੇਸ ਦਰਜ ਕੀਤਾ ਗਿਆ ਹੈ। ਹਿੰਦੂ ਸ਼ਿਵ ਸੈਨਾ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਬਹੁਤ ਸਾਰੇ ਵਰਕਰ ਪੁਲੀਸ ਨੇ ਫੜੇ ਹੋਏ ਹਨ।

### ਐਵੇਂ ਭੱਜ ਪਿਆ ਸੀ

ਘਟਨਾ ਸੰਬੰਧੀ ਫੜੀ ਗਈ ਕਾਰ ਬਾਰੇ ਪਤਾ ਲੱਗਿਆ ਹੈ ਕਿ ਘਟਨਾ ਪਿਛੋਂ ਕਾਰ ਦਾ ਡਰਾਈਵਰ ਘਬਰਾਹਟ ਵਿਚ ਹੀ ਭੱਜ ਪਿਆ ਸੀ ਜਿਸ ਕਰਕੇ ਲੋਕਾਂ ਨੇ ਸਮਝ ਲਿਆ ਕਿ ਇਥੇ ਕਾਰ ਵਿਚ ਬੰਦੇ ਵਾਰਦਾਤ ਕਰਕੇ ਭੱਜੇ ਹਨ।

### ਵਾਰਦਾਤ ਦਾ ਵੇਰਵਾ

ਤਿੰਨ ਬੰਦੇ ਗੋਲੀ ਚਲਾਉਣ ਪਿਛੋਂ ਫਰਾਰ ਹੋ ਗਏ। ਇਸ ਘਟਨਾ ਵਿਚ ਸ਼ਿਵ ਸੈਨਾ ਦਾ ਸਰਗਰਮ ਵਰਕਰ ਧਰਮਵੀਰ ਗਾਂਧੀ ਤੇ ਸਾਇਲ ਕੰਜ਼ਰਵੇਟਰ ਮਿ. ਭੱਟੀ ਜ਼ਖਮੀ ਹੋ ਗਏ। ਇਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਗਿਆ ਜਿਥੋਂ ਅਪਰੇਸ਼ਨ ਪਿਛੋਂ ਦੋਵਾਂ ਨੂੰ ਪੀ. ਜੀ. ਆਈ. ਭੇਜ ਦਿਤਾ ਗਿਆ। ਘਟਨਾ ਤੋਂ ਪਿਛੋਂ ਸਥਾਨਕ ਥਾਣੇ ਅਗੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਭੀੜ ਵਿਚੋਂ ਕਿਸੇ ਨੇ ਥਾਣੇ ਉਪਰ ਤਿੰਨ ਦੇਸੀ ਬੰਬ ਸੁਟੇ ਅਤੇ ਬਾਰਾਂ ਬੋਰ ਦੇ ਪਿਸਤੌਲ ਜਾਂ ਰਾਈਫਲ ਤੋਂ ਗੋਲੀਆਂ ਚਲਾਈਆਂ। ਇਸ ਸਾਲ ਡੀ. ਐਸ. ਪੀ. ਹਰਦਿਆਲ ਸਿੰਘ ਤੇ ਦੋ ਕਾਂਸਟੇਬਲ ਜ਼ਖਮੀ ਹੋ ਗਏ। ਪੁਲਸ ਦੀ ਇਤਲਾਹ ਮਿਲਦੇ ਹੀ ਉਚ ਪੁਲੀਸ ਅਤੇ ਜ਼ਿਲਾ ਅਧਿਕਾਰੀ ਮੌਕੇ ਉਪਰ ਪੁੱਜ ਗਏ।

### ਤਣਾਓ ਜਾਰੀ

ਜਲੰਧਰ — ਜ਼ਿਲਾ ਜਲੰਧਰ ਦੇ ਕਸਬੇ ਨਕੋਦਰ ਵਿਚ ਸਥਿਤੀ ਅਜੇ ਵੀ ਤਣਾਓਪੂਰਨ ਹੈ। ਕਰਫਿਊ ਵਿਚ ਕੋਈ ਢਿੱਲ ਨਹੀਂ ਦਿੱਤੀ ਗਈ। ਅਕਾਲੀ ਨੇਤਾ ਤੇ ਸ਼ਿਵ ਸੈਨਾ ਵਰਕਰ ਦੋਵੇਂ ਆਪਣੇ ਆਪਣੀ ਗੱਲ 'ਤੇ ਅੜੇ ਹੋਏ ਹਨ। ਡਿਪਟੀ ਕਮਿਸ਼ਨਰ ਸਤੀਸ਼ ਚੰਦਰ ਅਗਰਵਾਲ ਨੇ ਦੱਸਿਆ ਕਿ ਨਕੋਦਰ ਵਿਚ ਅਜੇ ਕਰਫੀਊ ਜਾਰੀ ਰਹੇਗਾ।


ਐਡਵਰਟਾਈਜ਼ ਲਈ ਫੋਨ ਕਰੋ —
581-4473

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

S. & S. INSURANCE
6658 Main St. Vancouver
ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ
ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan

RENEW EARLY INSURANCE
* FINANCING AVAILABLE
* SAFE DRIVING DISCOUNT (if eligible)
Ph. 324-5711



ਹਰਦੇਵ ਸਿੰਘ ਗਿੱਲ
324-5711

# PUNJAB CRISIS - Through The Communal Prism

(ਇਹ ਪੁਸਤਕ ਅੰਗਰੇਜ਼ੀ ਵਿਚ ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਡੀਵੈਲਮੈਂਟ, ਚੰਡੀਗੜ੍ਹ ਵਲੋਂ ਛਾਪੀ ਗਈ ਹੈ। ਇਸ ਵਿਚ ਪੰਜਾਬ ਵਿਚ ਹਿੰਦੂ ਅਤੇ ਸਿੱਖ ਫਿਰਕਾਪ੍ਰਸਤੀ ਦੇ ਕਾਰਨਾਂ ਦਾ ਗੰਭੀਰ ਵਿਸ਼ਲੇਸ਼ਣ ਹੈ। ਅਸੀਂ ਗੰਭੀਰ ਪਾਠਕਾਂ ਲਈ ਇਸਦੇ ਕੁਝ ਅੰਸ਼ ਛਾਪਣ ਦੀ ਖੁਸ਼ੀ ਲੈ ਰਹੇ ਹਾਂ ਤਾਂਕਿ ਉਹ ਪੰਜਾਬ ਮਸਲੇ ਨੂੰ ਗੰਭੀਰਤਾ ਨਾਲ ਸਮਝ ਸਕਣ — ਸੰਪਾਦਕ)

The situation in Punjab today is in a state of stalemate. Excessive circumspection inhibits solutions. Such a situation cannot possibly last indefinitely. Perhaps the most disturbing fact is that it has lasted so long. We are heading towards a situation in which circumspection together with panic could render this short-sighted, absolute leadership in practice powerless to effect the most urgently required changes.

Recent developments have seriously affected social life in Punjab. Prejudice has overcome reason to such an extent that each section tends to put the entire blame on the other, without even attempting to analyse the circumstances that have led to the present tense situation. The seriousness of the situation is evident from the religious sacrilege committed by communalist Hindus and Sikhs and professional hired criminals and the environment of violence and terror generated by killings and assassinations.

Today in Punjab, terrorism has a field day. It is a fear psychosis which is providing impetus to terrorism. This fear psychosis has also added to the complexity of the situation. A distinction has to be drawn between fear psychosis and panic. The former being a historical process needs to be tackled with vigorous ideological struggle. Panic being a hysterical expression can be tackled by the law and order machinery. What exists today in Punjab is a fear psychosis.

We understand that while economic factors provide necessary conditions for the existence of the current crisis, the sufficient conditions such as electoral competition, religious fundamentalism, language controversies, etc. provide grounds for its persistnece. Therefore, the crisis in Punjab has various dimensions. It has given rise to the demands for secession on religious lines and for more autonomy to protect the group interests of emerging regional vested interests under the garb of decentralisation of political as well as economic power. It has further mobilized a group of the lower middle class, petty traders and peasants to demand concessions on communal lines. Movements in the past, no doubt, have been launched for more autonomy, on the language issue or for the creation of Punjab Suba etc., but never in the past have the three tendencies of communalism, that is secessionist, conformist and incremental-concessionist (economic and political), surfaced at the same time and with increasing intensity.

The analysis of this problem has been attempted in the past as well as in recent times by most authors in a piecemeal manner. Some journalists have subscribed to the view that this problem is the handiwork of the riff-raff or "extremists". To ascribe this problem to the perspective.It should not be forgotton that the actions of anti-social elements or "extremists" are manifestations of their social placement in society.

The anti-social elements or "extremists" involved in terrorism and such kind of activities are well aware that their activites have social significance in as musch they appear to protect and advocate the so-called political, ecnomic and social interests of religious groups. The experience of the happenings like assassination, damage to property, etc. in Amritsar, Patiala, Panipat and Karnal indicates that these so-called "extremists" and anti-social elements have emerged as "community" leaders. This newly acquired status sanctifies their activities. Further, the protection granted by political leaders to these elements frustrates the attempts of non-communal and secular forces to counter such kind of tendencies.

Therefore, it should not be concluded that the solution to the current problem can be found in strengthening the law and order machinery and by apprehending these elements. This approach mistakes the symptoms for causes.

Some analysts consider this problem to be the result of conficting religious practices and, therefore, advocate tolerance of these. Inherent in this is the notion that the social, cultural, economic and political interests of the Hindus and the Sikhs are conflicting. For example, a section of the Sikhs perceive discrimination against themselves as Sikhs. Similarly, Hindus may also perceive discrimination. This perception is not in consonance with objective reality. They may be discriminated against as workers, peasants, unemployed youth etc. These discriminations cannot be said to be caused on the basis of religious identity. "Communalism has been a religious issue only for those groups for whom it was also and already a political and economic issue". The interest of any group in the field of economic, political, and social activities, on the basis of being a relgious group, howeverm has never been demonstrated empirically or logically by the communal sections.

Further, there is also a belief that the communalism of one group can be countered by promoting and organizing other religious groups along communal lines. Such a belief ignores the fact that it is the communalism of one group that feeds the communalism of the other. These erroneous notions can only lead to a situation providing for communal rioting.

There are other analysts who consider differences in cultural and linguistic identities, caste differentiations, demographic compositions and centralization of powers to be at the root of the present problem. According to others, the problem is a result of communal politics. A superficial solution offered is that there is a need for the secularisation of political processes. However, they do not face the question as to why at all politics is communalised. All these variables may appear to be the determining factors for the direction and nature of the developments in Punjab. This is so because these authors do not take into consideration the role of communal ideology which makes such factors appear to be the determining instead of the merely influencing ones. Further, the posing of solutions only in terms of religion, caste and language are also bound to remain at the level of superficuility. No doubt conflicts apparently occur between caste groups, linguistic groups, and religious groups, but no formulae, no matter how ingenious, reducing the problem to either a linguistic one or to economic disparities, will work because the basic issues are not really linguistic, religious etc., but communal. There is, therefore, a need to inderstand the role of communal ideology, which uses such differentiations to protect certain interests.

Another section analyses the problem as being the result of uneven and lopsided development. We wish to emphasize that even if the problem of uneven and lopsided development is solved, it will not rule out the possibility of the existence and persistence of communalism unless a frontal attack is launched against communal ideology. Therefore, in order to identify the factors responsible for communalism the need is to take into consideration the level and form of communal consciousness and its relationship with the pace and nature of socio-political and economic development. Before analysing the causes for the contemporary crisis, it is necessary to have an understanding of the concept and consequences of communalism because the crisis has manifested itself in a communal form.

## Importance and Consequences of Communalism

Despite its obvious significance, the study of communalism has been denied its rightful place in the social sciences. It is only during the past decade or so that there have been concerted efforts to focus attention on the nature, causes and role of communalism. A serious study of communalism has to be undertaken not merely in response to the increase in the recurrence of communal violence, its duration and its intensity, or its being planned in nature. The task has become urgent because, unlike in the past, communal ideology in Punjab has been increasingly internalised to the extent that it is considered a legitimate means for settling disputes. The question is, can such a perception help in identifying the real sources of the adverse social conditions, social misery and frustration, which find reflection in communal outlook and movements ? The retention of religious groups as a reference point, because of their ideological orientation, provides a convenient scapegoat for the supposedly deprived groups for their sufferings. For example, a labourer (Hindu) competing with a labourer (Sikh) in the job market seeks to blame the exploiter and the cause of his unemployment and misery on the basis of religious identities. Any justification for such trends would reveal a rather simplistic and incorrect understanding. It is wrong to infer that communalism can be used as an instrument to articulate interests or to fight actual or perceived discriminations because such a struggle has not gone through the process of unleashing the rea conflicts (even in the case of Dalits and Muslims, etc.)

Using communal categories to dissect social reality is also fraught with danger. The repeated assertion of "Hindu interests", "Sikh interersts" and so on by communalists and vested interests has distorted the preception of some of the analysts and policy makers. To quote Bipan Chandra:

> the very tools of analysis have bee contaminated by it as a result of the ideological conditioning of the last 100 years, when the middle classes and the intelligentsia were perpetually surrounded by a communal outlook in politics, in the Press, in literatures and particularly in the educationl system Consequently, communalism has often been viewed in the social sicences, as in real life, through conscious or unconscious communal assumptions ... For example if one's snalysis starts by accepting the communal leaders as leaders and representatives of their 'communities' — and if one refers to the Hindus, Muslem or Sikh communalists as Hindu leaders, Muslim leaders, or Sikh leader—or if one accepts that communal political activity is the political activity of their 'communities', one is already accepting the basic communal framework of thought and analysis. On the other hand, if no communal economic, political and social interests exist, the communalists cannot be representing such interests and are not therefore representatives of their 'communities'.

The use of communal categories to understand and unfold social reality leads to mistaking the symptoms for causes. Remedies are then prescribed to eradicate the symptoms. The result is that the problem persists.

Further, the electoral strategy adopted by most of

(Contd. Page 12)

## ਖਦਾਫੀ ਬਾਰੇ ਕਿਆਸ ਅਰਾਈਆਂ

ਪੱਛਮੀ ਮੀਡੀਏ ਵਲੋਂ ਇਸ ਉਡਾਈ ਅਫਵਾਹ ਦੀ ਤਰਦੀਦ ਹੋ ਗਈ ਹੈ ਕਿ ਕਰਨਲ ਖਦਾਫੀ ਮਾਰੇ ਗਏ ਹਨ। ਰੇਡੀਓ ਲਿਬੀਆ ਨੇ ਕਿਹਾ ਹੈ ਕਿ ਕਰਨਲ ਖਦਾਫੀ ਠੀਕਠਾਕ ਹਨ।

# ਫਿਰਕਾਪ੍ਰਸਤੀ ਦੇ ਕੋਹੜ ਤੋਂ ਬਚੋ



ਉੱਜਲ ਦੁਸਾਂਝ

ਕਈ ਦਵਾ ਤਾਂ ਇਹ ਗੱਲ ਠੀਕ ਹੁੰਦੀ ਹੈ ਕਿ ਵਾਰਦਾਤਾਂ ਭਾਵੇਂ ਚੰਗੀਆਂ ਹੋਣ ਭਾਵੇਂ ਮਾੜੀਆਂ - ਉਹਨਾਂ ਨੂੰ ਅੱਖੋਂ ਓਹਲੇ ਕਰ ਦੇਣਾ ਚਾਹੀਦਾ ਹੈ। ਵੈਸੇ ਭੀ ਸਾਡੇ ਇੱਥੋਂ ਦੇ ਮਸਲੇ ਇੰਨੇ ਹਨ ਕਿ ਉਹਨਾਂ ਵਲ ਜਾਇਜ਼ ਧਿਆਨ, ਵਕਤ ਅਤੇ ਕੋਸ਼ਿਸ਼ ਉਪਰੰਤ ਸਾਡੇ ਪਾਸ ਹੋਰ ਗੱਲਾਂ ਸੋਚਣ ਦਾ ਵਕਤ ਹੀ ਨਹੀਂ ਹੁੰਦਾ। ਪਰ ਫਿਰ ਭੀ ਜੇ ਬਹੁਤ ਦੇਰ ਅੱਖਾਂ ਮੀਟ ਰੱਖੀਏ ਅਤੇ ਉਡਦੀ ਧੂੜ ਅੱਖਾਂ 'ਚ ਨਾ ਪਵੇ, ਅੱਖਾਂ ਨਾ ਰੜਕਣ ਤਾਂ ਹੋ ਸਕਦਾ. ਜ਼ਿੰਦਗੀ ਦੀਆਂ ਬਹੁਤ ਸਾਰੀਆਂ ਕੌੜੀਆਂ ਸਚਾਈਆਂ ਸਾਡੇ ਕੋਲੋਂ, ਦੀ ਵਾਵਰੋਲਿਆਂ ਅਤੇ ਘੁੰਮਣਘੇਰੀਆਂ ਦੀ ਤਰ੍ਹਾਂ ਲੰਘ ਜਾਣ — ਅਤੇ ਅਸੀਂ ਬੁੱਤਾਂ ਵਾਂਗੂੰ ਖੜ੍ਹੇ ਰਹੀਏ — ਨਾ ਮਹਿਸੂਸਈਏ, ਨਾ ਜੀਵੀਏ, ਨਾ ਕਹੀਏ ਅਤੇ ਨਾ ਸੁਣੀਏ। ਪੱਥਰ ਦੇ ਬੁੱਤ ਦੀ ਜਿੰਦ ਭੀ ਕੋਈ ਮਨੁੱਖ ਨਹੀਂ ਹੰਢਾ ਸਕਦਾ।

ਮਹਿਸੂਸਣਾ - ਜ਼ਿੰਦਗੀ ਲਈ ਅਤੀ ਜ਼ਰੂਰੀ ਹੈ। ਅਸੀਂ ਕੈਨੇਡਾ ਵਿਚ ਆਪਣੀ ਪਿਛਲੇ ਇਕ ਸੌ ਸਾਲ ਦੀ ਹੋਂਦ ਉਪਰ ਨਜ਼ਰ ਮਾਰੀਏ — ਅਹਿਸਾਸ ਹੁੰਦਾ ਹੈ ਕਿ ਸਾਡੇ ਬਜ਼ੁਰਗਾਂ ਨੇ ਬਹੁਤ ਮੁਸ਼ਕਲਾਂ ਝੱਲ ਕੇ ਸਾਰੀ ਭਾਰਤੀ ਕਮਿਊਨਿਟੀ ਨੂੰ ਬਾਕੀਆਂ ਦੇ ਬਰਾਬਰ ਖੜ੍ਹੇ ਹੋਣ ਦੇ ਹੱਕਦਾਰ ਬਣਾਇਆ। ਸਾਡੇ ਵਿਚ ਕੁਝ ਉਹ ਅੰਸ਼ ਨੇ ਜੋ ਪਿਛਲੇ ਦੋ-ਸਾਲਾਂ ਵਿਚ ਕਮਿਊਨਿਟੀ ਨੂੰ ਬਦਨਾਮ ਕਰਨ ਵਿਚ ਕਾਮਯਾਬ ਹੋਏ ਹਨ। ਇਹਨਾਂ ਅੰਸ਼ਾਂ ਨੇ ਭਾਰਤੀ ਵਿਰਸੇ ਨੂੰ ਧਰਮਾਂ ਦੇ ਨਾਮ ਪੁਰ ਨਫਰਤ ਦੀਆਂ ਕੰਧਾਂ ਪਾ ਕੇ ਵੰਡਣ ਦੀ ਕੋਸ਼ਿਸ਼ ਕੀਤੀ। ਕੈਨੇਡਾ ਵਿਚ ਪਹਿਲਾਂ ਤਾਂ ਇਹ ਅੰਸ਼ ਸਿਰਫ ਸਿੱਖ ਭਾਈਚਾਰੇ ਤੱਕ ਹੀ ਸੀਮਤ ਸਨ — ਇਹਨਾਂ ਨੇ "ਆਸਤਿਕ ਅਤੇ ਨਾਸਤਿਕ" ਆਦਿ ਦੀਆਂ ਵੰਡਾਂ ਪਾ ਕੇ ਕਮਿਊਨਿਟੀ ਦੇ ਸਦੀਆਂ ਤੋਂ ਆ ਰਹੇ ਉਚੇ ਮਿਆਰਾਂ ਨੂੰ ਨੀਂਵਾਂ ਕਰਨ ਦੀ ਕੋਸ਼ਿਸ਼ ਕੀਤੀ। "ਹਿੰਦੂ-ਸਿੱਖ" ਮਸਲਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਹ ਅੰਸ਼ ਲੋਕਾਂ ਦੇ ਧਰਮ-ਨਿਰਪੱਖ ਏਕੇ ਨੂੰ ਖਤਮ ਕਰਨ ਵਿਚ ਕਾਮਯਾਬ ਨਹੀਂ ਹੋਏ। ਫਿਰ ਇਹਨਾਂ ਅੰਸ਼ਾਂ ਦਾ ਹਿੰਦੂ ਭਾਈਚਾਰੇ ਦੇ ਇਹਨਾਂ ਵਰਗੇ ਫਿਰਕਾਪ੍ਰਸਤ ਅਤੇ ਮੌਕਾਪ੍ਰਸਤ ਅੰਸ਼ਾਂ ਨਾਲ ਜੋੜ ਹੋ ਗਿਆ — ਅਤੇ ਹੁਣ ਇਸ ਜੋੜ ਦਾ ਸਦਕਾ ਇਹ ਇਕ ਨਵਾਂ ਖਤਰਾ ਬਣ ਕੇ ਸਮੁੱਚੇ ਭਾਰਤੀਆਂ ਦੇ ਸਾਹਮਣੇ ਆਏ ਹਨ। ਫਿਰਕਾਪ੍ਰਸਤੀ ਦੀ ਇਕ ਖਾਸੀਅਤ ਇਹ ਹੈ ਕਿ ਇਹ ਅੰਸ਼ ਵੱਖਰੇ ਵੱਖਰੇ ਧਰਮਾਂ ਦੇ ਨਾਮ ਪੁਰ ਅੰਧ ਵਿਸ਼ਵਾਸ਼, ਅਤੇ ਤਸ਼ੱਦਦ ਭੀ ਖਿਲਾਰਦੇ ਹਨ — ਪਰ ਅੰਦਰੋਂ ਇਹ ਇਕੱਠੇ ਭੀ ਹਨ। ਜਿਵੇਂ ਸ਼ਿਵ ਸੈਨਾ, ਆਰ. ਐਸ. ਐਸ. ਇਕ ਪਾਸੇ ਅਤੇ ਏ. ਆਈ. ਐਸ. ਐਸ. ਐਫ. (ਸਟੂਡੈਂਟ ਫੈਡਰੇਸ਼ਨ) ਦੂਜੇ ਪਾਸੇ। ਭਾਰਤ ਵਿਚ ਇਕ ਦੋਨੋਂ ਧਿਰਾਂ ਕਤਲੇ ਆਮ ਕਰ ਰਹੀਆਂ ਹਨ — ਧਰਮ ਦੇ ਨਾਮ ਪੁਰ। ਪਰ ਜਦੋਂ ਕੋਈ ਆਵਾਜ਼ ਇਹਨਾਂ ਨੂੰ ਲਲਕਾਰਦੀ ਹੈ — ਫਿਰ ਇਹ ਇਕੱਠੇ ਹੋ ਕੇ ਉਸ ਦਲੇਰ ਆਵਾਜ਼ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਹੁਣੇ ਹੁਣੇ ਪੰਜਾਬ ਵਿਚ ਕਾਮਰੇਡ ਅਰਜਨ ਸਿੰਘ ਮਸਤਾਨਾ ਇਹਨਾਂ ਬੁਜ਼ਦਿਲਾਨਾ "ਧਰਮ ਪ੍ਰਸਤਾਂ" ਦੀ ਨਫਰਤ ਦਾ ਨਿਸ਼ਾਨਾ ਬਣੇ ਹਨ। ਇਸੇ ਤਰ੍ਹਾਂ ਇਥੇ ਭੀ (ਕੈਨੇਡਾ ਵਿਚ) ਸ਼ਿਵ ਸੈਨਾ ਆਦਿ ਦੇ ਪੈਰੋਕਾਰ ਫੈਡਰੇਸ਼ਨ ਦੇ ਵੰਨੇ ਖਾਂਹ ਖਾਲਿਸਤਾਨੀ ਲੀਡਰਾਂ ਦੇ ਯਾਰ ਹਨ। ਇਹਨਾਂ ਪੈਰੋਕਾਰਾਂ ਨੇ ਹਿੰਦੂ ਮੰਦਰ ਵਿਚ ਲੜਾਈ ਖੜ੍ਹੀ ਕਰਕੇ ਕਮਿਊਨਿਟੀ 'ਚ ਵੰਡ ਨੂੰ ਹੋਰ ਪੱਕਿਆਂ ਕਰਨ ਦਾ ਕੰਮ ਤਾਂ ਕੁਝ ਹਫਤੇ ਹੋਏ ਮੰਦਰ ਦੇ ਅੰਦਰ ਹੀ ਆਰੰਭ ਦਿੱਤਾ ਸੀ। ਇਹਨਾਂ ਕਰਤੂਤਾਂ ਦਾ ਸਦਕਾ ਇਹ ਮੌਕਾਪ੍ਰਸਤ ਧਰਮ ਦੇ ਨਾਮ ਪੁਰ ਘੁਸੰਨਬਾਜ਼ੀ ਕਰਦੇ ਹੋਏ ਉਹਨਾਂ ਦੀ ਕਤਾਰ 'ਚ ਜਾ ਖੜੇ ਹੋਏ ਜਿਹਨਾਂ ਨੇ ਕੈਨੇਡਾ 'ਚ ਪਿਛਲੇ ਦੋ ਸਾਲਾਂ ਵਿਚ ਕਈ ਹਿੰਸਕ ਵਾਰਦਾਤਾਂ ਕੀਤੀਆਂ ਹਨ। ਧਰਮ ਦੇ ਲੇਬਲ ਵੱਖਰੇ ਵੱਖਰੇ ਹਨ — ਕਿਸੇ ਪੁਰ ਸਿੰਘ ਦਾ, ਕਿਸੇ ਪੁਰ ਕੁਮਾਰ ਦਾ ਜਾਂ ਰਾਮ ਦਾ। ਪਰ ਇਹ ਕੁਝ ਅੰਸ਼ ਜਿਹੜੇ ਹਿੰਸਕ ਵਾਰਦਾਤਾਂ 'ਚ ਹਿੱਸਾ ਲੈਂਦੇ ਆਏ ਹਨ — ਫਿਰਕਾਪ੍ਰਸਤੀ ਦੇ ਦੂਤ ਹਨ, ਦੈਂਤ ਹਨ ਅਤੇ ਸਮੁੱਚੇ ਭਾਰਤੀ ਵਿਰਸੇ ਦੇ ਸਰੀਰ ਪੁਰ ਉਗਲ ਰਿਹਾ ਕੋਹੜ ਹਨ। ਇਹ ਧਰਮ ਦੇ ਨਾਮ ਪੁਰ ਧੱਬਾ ਹਨ।

ਸੱਚ ਤੋਂ ਇਹ ਅੰਸ਼ ਕੋਹਾਂ ਹੀ ਦੂਰ ਨੱਸਦੇ ਹਨ। ਜਿਵੇਂ ਅੱਜ ਰੌਲੂ ਵਾਦ ਵਿਵਾਦ ਚੱਲ ਰਿਹਾ ਹੈ ਕਿ ਜਲੂਸ ਵਿਚ (ਵਿਸਾਖੀ ਦੇ ਜਲੂਸ ਵਿਚ) ਕਿੰਨੀ ਹਾਜ਼ਰੀ ਸੀ। ਕੋਈ ਕਹਿੰਦਾ ਹੈ ਵੀਹ ਹਜ਼ਾਰ ਸੀ, ਕੋਈ ਪੰਦਰਾਂ ਹਜ਼ਾਰ, ਕੋਈ ਪੰਜ ਤੋਂ ਸੱਤ ਹਜ਼ਾਰ ਦੱਸਦਾ ਹੈ ਵੱਧ ਤੋਂ ਵੱਧ। ਮੈਂ ਸਮਝਦਾ ਹਾਂ ਕਿ ਇਸ ਵਿਵਾਦ ਵਿਚ ਨਹੀਂ ਪੈਣਾ ਚਾਹੀਦਾ। ਖੁਸ਼ੀ ਦੀ ਗੱਲ ਹੈ ਵਿਸਾਖੀ ਲਈ ਲੱਖਾਂ ਲੋਕ ਜਲੂਸ 'ਚ ਆਉਣ। ਸਿਰਫ ਇਹ ਕਹਿਣਾ ਚਾਹੀਦਾ ਹੈ ਕਿ ਜੇ ਵਿਸਾਖੀ ਦੇ ਸਬੰਧ ਵਿਚ ਜਲੂਸ ਕੱਢਣਾ ਹੋਵੇ ਤਾਂ ਖਾਲਿਸਤਾਨ ਆਦਿ ਦੇ ਨਫਰਤ ਭਰੇ ਨਾਹਰੇ ਲਗਾ ਕੇ ਗੁਰੂ ਗਰੰਥ ਸਾਹਿਬ ਅਤੇ ਗੁਰੂਆਂ ਸਾਹਿਬਾਨਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ। ਜੇ ਭਿੰਡਰਾਂਵਾਲੇ ਦੀ ਫੋਟੋ ਦੇ ਹਾਰ ਪਾ ਕੇ ਉਸ ਨੂੰ ਜਲੂਸ ਦੇ ਸਭ ਤੋਂ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਦੇ ਬਰਾਬਰ ਰੱਖਣਾ ਹੁੰਦਾ ਹੈ ਤਾਂ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਪਹਿਲਾਂ ਇਸ਼ਤਿਹਾਰਾਂ ਵਿਚ ਦੱਸਣ ਕਿ ਜਲੂਸ ਵਿਸਾਖੀ ਦੇ ਸਬੰਧ ਵਿਚ ਨਹੀਂ ਭਿੰਡਰਾਂਸ਼ਾਹੀ ਅਤੇ ਖਾਲਿਸਤਾਨ ਦਾ ਹੋਵੇਗਾ। ਫਿਰ ਜਿੰਨੇ ਲੋਕ ਉਸ ਜਲੂਸ ਵਿਚ ਆਉਣਗੇ - ਉਹਨਾਂ ਨੂੰ ਗਿਣਨ ਵਿਚ ਬਹੁਤੀ ਦੇਰ ਜਾਂ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ। ਇਹ ਗੱਲ ਪਹਿਲਾਂ ਹੀ ਬੜੀ ਸਾਫ ਹੋ ਚੁੱਕੀ ਹੈ ਕਿ ਕੁਈਨ ਇਲੈਜ਼ਬਥ ਪਾਰਕ 'ਚ ਖਾਲਿਸਤਾਨ ਦੇ ਨਾਮ ਪੁਰ ਦੀਵਾਨ ਸਜਿਆ। ਪੰਜ ਤੋਂ ਛੇ ਸੌ ਤੱਕ ਵਿਅਕਤੀ ਆਏ। ਦੁਨੀਆਂ ਭਰ ਦੀ "ਮਸ਼ਹੂਰ ਅਤੇ ਵੱਡੀ ਸੰਸਥਾ" ਦਾ ਇਜਲਾਸ (ਖੁੱਲ੍ਹਾ) ਪੀ. ਐਨ. ਈ. 'ਚ ਹੋਇਆ ਤਾਂ ਢਾਈ ਸੌ ਵਿਅਕਤੀ ਆਏ। ਇਸ ਗਿਣਤੀ ਮਿਣਤੀ ਦੇ ਵਾਦ ਵਿਵਾਦ 'ਚ ਹਿੱਸਾ ਲਿਆਂ ਕੁਝ ਸੰਵਰੇਗਾ ਨਹੀਂ। ਲੋਕ ਆਪ ਸਿਆਣੇ ਹਨ। "ਖਾਲਿਸਤਾਨ" ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਆਖਰੀ ਦਿਨ ਤੱਕ ਤਾਂ ਸਾਡੇ ਧਾਰਮਿਕ ਵਿਰਸੇ ਦਾ ਹਿੱਸਾ ਨਹੀਂ ਸੀ ਅਤੇ ਨਾਂ ਬਾਬਾ ਦੀਪ ਸਿੰਘ ਨੇ ਹੀ ਦਿੱਤਾ ਇਹ ਸਬਕ ਸਾਨੂੰ। ਹਾਂ ਜਗਜੀਤ ਸਿੰਘ ਚੌਹਾਨ ਦੀ ਚੌਫੇਰੀ ਸਿਆਸਤ ਦਾ ਅੰਨ੍ਹਾ ਬੱਚਾ ਜ਼ਰੂਰ ਹੈ ਖਾਲਿਸਤਾਨ। ਫਿਰ ਇਸ ਸਾਲ ਦਾ ਜਲੂਸ ਸਿਆਸੀ ਹੀ ਤਾਂ ਹੋਇਆ। ਜਿਹੜੇ ਵਿਅਕਤੀ ਬਰਾਡਕਾਸਟਰਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨਹੀਂ ਦੇਣਾ ਚਾਹੁੰਦੇ ਅਤੇ ਧਮਕੀਆਂ ਦਿੰਦੇ ਹਨ — ਉਹਨਾਂ ਨੂੰ ਚਾਹੀਦਾ ਹੈ ਕਿ ਕਿਤੇ ਭੁੱਲ ਕੇ ਇਕ ਦੋ ਕਿਤਾਬਾਂ ਦਾ ਅਧਿਐਨ ਹੀ ਕਰ ਲੈਣ। ਘੱਟ ਤੋਂ ਘੱਟ ਜੇ ਇਤਿਹਾਸ ਨਹੀਂ ਤਾਂ ਧਰਮ ਬਾਰੇ ਹੀ ਪੜ੍ਹ ਲੈਣ — ਸ਼ਾਇਦ ਸਹਿਨਸ਼ੀਲਤਾ ਦਾ ਚਾਨਣ ਹੋ ਜਾਵੇ। "ਖਾਲਿਸਤਾਨ" ਇਕ ਸਿਆਸਤ ਦੇ ਕੰਗਾਲਪੁਣੇ ਦੀ ਨਿਸ਼ਾਨੀ ਹੈ - ਇਸ ਦੇ ਨਾਹਰੇ ਧਾਰਮਿਕ ਨਹੀਂ — ਸਿਰਫ ਸਿਆਸੀ ਹੀ ਹੋ ਸਕਦੇ ਹਨ।

ਹਾਂ ਸੱਚ, ਪੰਜਾਬੀ ਮਾਰਕਿਟ ਦੇ ਦੀਵਾਨ ਦੀਆਂ ਇਕ ਦੋ ਗੱਲਾਂ ਸੁਣਨ ਦਾ ਮੌਕਾ ਮਿਲਿਆ। ਰਾਗੀ ਸਿੰਘ ਕਹਿ ਰਹੇ ਸਨ ਕਿ ਇੰਦਰਾ ਗਾਂਧੀ ਦਾ ਕਤਲ ਸਤਵੰਤ ਅਤੇ ਬੇਅੰਤ ਨੇ ਕੀਤਾ। ਅਤੇ ਉਹ ਰਾਗੀ ਸਿੰਘ ਵਾਰਾਂ ਗਾ ਕੇ ਸਿੰਘਾਂ ਨੂੰ "ਨਿਹਾਲ" ਕਰ ਰਹੇ ਸਨ। ਪਰ ਯਾਦ ਰਹੇ ਸਤਵੰਤ ਸਿੰਘ ਨੇ ਜੁਰਮ ਇਕਬਾਲ ਨਹੀਂ ਕੀਤਾ ਅਤੇ ਕਿਹਾ ਹੈ ਕਿ ਇੰਦਰਾ ਦਾ ਕਤਲ ਉਸ ਨੇ ਨਹੀਂ ਕੀਤਾ

ਸਤਵੰਤ ਦੇ ਬਾਪ ਨੇ ਆਪਣੀ ਜ਼ਮੀਨ ਵੇਚ ਕੇ ਭੀ ਸਤਵੰਤ ਨੂੰ ਕਾਨੂੰਨੀ ਤੌਰ ਤੇ ਪ੍ਰਤੀਨਿਧਤਾ ਦੁਆਣ ਦੀ ਕੋਸ਼ਿਸ਼ ਕੀਤੀ ਹੈ। ਇੱਧਰ ਸਾਡੇ "ਚੌਧਰੀਆਂ" ਨੇ ਸਤਵੰਤ ਅਤੇ ਬੇਅੰਤ ਦੇ ਨਾਮ ਇਹ ਕਤਲ ਮੜ੍ਹ ਕੇ ਲੋਕਾਂ ਨੂੰ ਭੜਕਾਇਆ ਹੈ ਅਤੇ ਮਾਇਆ ਇਕੱਤਰ ਕੀਤੀ ਹੈ। ਇਹ "ਚੌਧਰੀ" ਸਿੱਖਾਂ ਦੇ ਮਿੱਤਰ ਹੋਏ ਜਾਂ ਦੁਸ਼ਮਣ - ਇਸ ਦਾ ਫੈਸਲਾ ਲੋਕ ਹੀ ਕਰਨਗੇ। ਇਹ "ਚੌਧਰੀ" ਸਤਵੰਤ ਦੇ ਮਿੱਤਰ ਹੋਏ ਜਾਂ ਦੁਸ਼ਮਣ, ਲੋਕ ਹੀ ਫੈਸਲਾ ਕਰਨਗੇ। ਕੀ ਸਤਵੰਤ ਝੂਠ ਬੋਲ ਰਿਹਾ ਹੈ ? ਪੁੱਛੋ ਇਹਨਾਂ "ਚੌਧਰੀਆਂ" ਨੂੰ।

ਨਾਲ ਹੀ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੁਝ ਵੱਖਵਾਦੀ ਅਤੇ ਅਤਿਵਾਦੀ ਭਗਤ ਸਿੰਘ ਉਪਰ ਆਪਣਾ ਦਾਅਵਾ ਜਮਾ ਰਹੇ ਹਨ। ਭਗਤ ਸਿੰਘ ਇਕ ਮੰਨਿਆ ਹੋਇਆ ਨਾਸਤਿਕ ਸੀ। ਇਹਨਾਂ ਖੜਪੰਚਾਂ ਦੀ ਸਿਆਸਤ ਦਾ ਉਸ ਦੀ ਸਿਆਸਤ ਨਾਲ ਦੂਰ ਦਾ ਵਾਸਤਾ ਭੀ ਨਹੀਂ ਹੋ ਸਕਦਾ। ਉਹ ਸਮਾਜਵਾਦ ਲਈ ਲੜਦਾ ਸੀ ਅਤੇ ਬੰਬ ਇਸ ਤਰ੍ਹਾਂ ਸੁੱਟਦਾ ਸੀ ਕਿ ਕੋਈ ਮਰੇ ਨਾ — ਸਿਰਫ ਆਵਾਜ਼ ਕੰਨਾਂ ਤੱਕ ਪਹੁੰਚੇ। ਇਹ ਖੜਪੰਚ ਦਿਨ ਦੀਵੇ ਕਤਲ ਕਰਦੇ ਹਨ ਅਤੇ ਕੱਟੜਵਾਦ ਅਤੇ ਰੂੜ੍ਹੀਵਾਦੀ ਲਈ ਜੱਦੋਜਹਿਦ ਕਰਦੇ ਹਨ। ਫਿਰ ਇਹ ਕਹਿੰਦੇ ਹਨ ਕਿ ਭਗਤ ਸਿੰਘ ਅਤੇ ਊਧਮ ਸਿੰਘ ਦੀਆਂ "ਰੂਹਾਂ" ਨੇ ਸਤਵੰਤ ਅਤੇ ਬੇਅੰਤ ਨੂੰ ਇੰਦਰਾ ਦੇ ਕਤਲ ਲਈ ਵੰਗਾਰਿਆ (ਜਦੋਂ ਕਿ ਸਤਵੰਤ ਕਹਿੰਦਾ ਹੈ ਕਿ ਉਸ ਨੇ ਕਤਲ ਨਹੀਂ ਕੀਤਾ)। ਉਹ ਰੂਹਾਂ ਜਿਹੜੀਆਂ ਨਾਸਤਿਕ ਸਨ ਅਤੇ ਰਾਮ, ਮੁਹੰਮਦ, ਸਿੰਘ (ਊਧਮ ਸਿੰਘ ਦਾ ਦੂਸਰਾ ਨਾਮ) ਸਨ — ਕਦੇ ਭੀ ਰੂੜ੍ਹੀਵਾਦ ਅਤੇ ਫਿਰਕਾਪ੍ਰਸਤੀ ਨਾਲ ਸਾਂਝ ਨਹੀਂ ਰੱਖ ਸਕਦੀਆਂ। ਇਹਨਾਂ ਫਿਰਕਾਪ੍ਰਸਤਾਂ ਦਾ ਭਗਤ ਸਿੰਘ ਅਤੇ ਊਧਮ ਸਿੰਘ ਪੁਰ ਦਾਅਵਾ ਸਿਰਫ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੇ ਬਰਾਬਰ ਹੈ। ਭਾਰਤ ਦੇ ਸ਼ਹੀਦ ਕਿਸੇ ਇਕ ਫਿਰਕੇ ਦੇ ਨਹੀਂ - ਸਾਰੇ ਭਾਰਤ ਦੇ ਹਨ।

ਭਗਤ ਸਿੰਘ ਦਾ ਸੁਪਨਾ ਸਮਾਜਵਾਦ ਸੀ — ਜਿਸ ਨੂੰ ਹਕੀਕਤ ਵਿਚ ਢਾਲਣ ਲਈ ਉਹ ਜ਼ਰੂਰ ਕੰਮ ਕਰਦਾ ਰਹਿੰਦਾ ਜੇ ਉਸ ਨੂੰ ਹੋਰ ਚਿਰ ਖੁਦ ਜੱਦੋ ਜਹਿਦ ਕਰਨ ਦਾ ਵਕਤ ਮਿਲਦਾ।

ਸੱਚ ਇਹ ਹੈ ਕਿ ਪਿਛਲੇ ਦੋ ਸਾਲ ਦੇ ਰੂੜ੍ਹੀਵਾਦ, ਫਿਰਕਾਪ੍ਰਸਤੀ ਅਤੇ ਹਿੰਸਾ ਨੇ ਲੋਕਾਂ ਦੀ ਕੁੱਲੀ ਗੁੱਲੀ ਅਤੇ ਜੁੱਲੀ ਲਈ ਜੱਦੋਜਹਿਦ ਨੂੰ ਪਿੱਛੇ ਪਾਇਆ ਹੈ। ਫਿਰਕਾਪ੍ਰਸਤ ਤਾਕਤਾਂ, ਵੱਖਵਾਦ ਦਾ ਬੁਰਕਾ ਪਾ ਕੇ — ਨਫਰਤ ਭਰੇ ਨਾਹਰੇ ਲਾ ਲਾ ਕੇ ਲੋਕਾਂ ਦਾ ਧਿਆਨ ਉਲਟੇ ਪਾਸੇ ਲਾ ਰਹੀਆਂ ਹਨ। ਮਜ਼ਦੂਰਾਂ ਦੀਆਂ ਤਨਖਾਹਾਂ ਦਾ ਇਹਨਾਂ ਨੂੰ ਫਿਕਰ ਨਹੀਂ। ਵਧ ਰਹੇ ਭ੍ਰਿਸ਼ਟਾਚਾਰ ਦੀ ਇਹਨਾਂ ਨੂੰ ਚਿੰਤਾ ਨਹੀਂ। ਵਿਦਿਆ ਦੇ ਢਾਂਚੇ ਨੂੰ ਸੋਧਣ ਦੀ ਇਹਨਾਂ ਨੂੰ ਦਿਲਚਸਪੀ ਨਹੀਂ। ਛੋਟੇ ਕਿਸਾਨਾਂ ਦੀ ਰੋਟੀ ਦਾ ਇਹਨਾਂ ਨੂੰ ਫਿਕਰ ਨਹੀਂ। ਇਹ ਤਾਂ ਨਾਹਰੇ ਲਾ ਕੇ ਆਪਣਾ ਘਰ ਪੂਰਾ ਕਰ ਲੈਂਦੇ ਹਨ। ਵਧ ਰਹੀਆਂ ਕੀਮਤਾਂ ਇਹਨਾਂ ਦੀ ਰੋਜ਼ਾਨਾ ਜ਼ਿੰਦਗੀ ਤੇ ਕੋਈ ਅਸਰ ਨਹੀਂ ਕਰਦੀਆਂ। ਇਹਨਾਂ ਨੂੰ ਭਾਰਤ ਦੀਆਂ ਅਤੇ ਭਾਰਤ ਦੇ ਲੋਕਾਂ ਦੀਆਂ ਉਪਰ ਦੱਸੀਆਂ ਮੁਸ਼ਕਲਾਂ ਨਾਲ ਕੋਈ ਵਾਸਤਾ ਨਹੀਂ।

ਬੀ. ਸੀ. ਅਤੇ ਕੈਨੇਡਾ 'ਚ ਜਾਂ ਅਮਰੀਕਾ ਅਤੇ ਇੰਗਲੈਂਡ 'ਚ ਹੋ ਰਹੇ ਨਸਲੀ ਵਿਤਕਰੇ ਨਾਲ ਇਨ੍ਹਾਂ ਦੀ ਸਿਹਤ ਪੁਰ ਕੋਈ ਅਸਰ ਨਹੀਂ। ਸਗੋਂ ਨਸਲਵਾਦ ਦੇ ਖਿਲਾਫ ਲੜਾਈ ਨੂੰ ਇਹਨਾਂ ਦੀ ਫਿਰਕਾਪ੍ਰਸਤੀ ਨੇ ਕਮਜ਼ੋਰ ਕੀਤਾ ਹੈ। ਨਸਲਵਾਦ ਨੂੰ ਇਹਨਾਂ ਦੀਆਂ ਕੋਝੀਆਂ ਹਰਕਤਾਂ ਨਾਲ ਹਵਾ ਮਿਲੀ ਹੈ। ਬਾਹਰਲੇ ਦੇਸ਼ਾਂ 'ਚ ਸਾਡੀ ਬੇਰੁਜ਼ਗਾਰੀ ਨਾਲ ਇਹਨਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ ਕਿਉਂਕਿ ਇਹਨਾਂ ਨੂੰ ਬਦੇਸ਼ੀ ਏਜੰਸੀਆਂ ਦਾ ਖੁੱਲ੍ਹਾ ਪੈਸਾ ਮਿਲਦਾ ਹੈ। ਸਾਡੇ ਉਹ ਭਾਰਤੀ ਲੋਕ ਜੋ ਕਦੇ ਵੈਲਫੇਅਰ ਵਲ ਮੂੰਹ ਨਹੀਂ ਸਨ ਕਰਦੇ — ਅੱਜ ਉਹਨਾਂ ਨੂੰ ਬੇਰੁਜ਼ਗਾਰੀ ਭੱਤੇ ਤੋਂ ਬਾਅਦ ਵੈਲਫੇਅਰ ਹੀ ਲੈਣਾ ਪੈਂਦਾ ਹੈ। ਸਾਡੇ ਇਹਨਾਂ ਅਤਿਵਾਦੀ, ਵੱਖਵਾਦੀ ਅਤੇ ਫਿਰਕਾਪ੍ਰਸਤ ਅੰਸ਼ਾਂ ਨੂੰ ਇਹ ਕੋਈ ਚਿੰਤਾ ਨਹੀਂ ਕਿ ਬਾਕੀ ਕੈਨੇਡੀਅਨਾਂ ਨਾਲ ਰਲ ਕੇ ਇਹਨਾਂ ਮਸਲਿਆਂ ਵਾਰੇ ਜੱਦੋਜਹਿਦ ਕੀਤੀ ਜਾਵੇ।

ਅੰਤਰਰਾਸ਼ਟਰੀ ਤੌਰ ਤੇ ਇਹ ਵੱਖਵਾਦੀ, ਰੂੜ੍ਹੀਵਾਦੀ ਅਤੇ ਅਤਿਵਾਦੀ ਅੰਸ਼ ਰੀਗਨ ਦੀਆਂ ਪਸਾਰਵਾਦੀ ਨੀਤੀਆਂ ਨਾਲ ਸਹਿਮਤ ਹਨ। ਪਲਸਤੀਨੀ ਲੋਕਾਂ ਦੀ ਬੁਨਿਆਦੀ ਹੱਕਾਂ ਦੀ ਲੜਾਈ ਨੂੰ ਇਹ ਮਖੌਲ ਕਰਦੇ ਹਨ। ਨਿਕਾਰਗੋਆ ਵਰਗੇ ਦੇਸ਼ ਦੇ ਲੋਕਾਂ ਦੀ ਜੱਦੋਜਹਿਦ ਨਾਲ ਇਹਨਾਂ ਨੂੰ ਕੋਈ ਹਿਤ ਨਹੀਂ। ਭਾਰਤ ਦੇ (ਅਤੇ ਉਸ ਦੇ ਅੰਦਰ ਪੰਜਾਬ ਦੇ) ਲੋਕਾਂ ਦੀਆਂ ਤਕਲੀਫਾਂ ਦੀ ਇਹਨਾਂ ਨੂੰ ਕੋਈ ਪਹਿਚਾਣ ਨਹੀਂ। ਇਹਨਾਂ ਨੂੰ ਸਿਰਫ ਧਰਮ ਦੇ ਨਾਮ ਪੁਰ ਭੇਖੀ ਬੁਰਕਾ ਦਿਸਦਾ ਹੈ ਜਾਂ ਰੀਗਨ ਦੀ ਬੁਰਕੀ ਦਿਸਦੀ ਹੈ। ਕੈਨੇਡਾ 'ਚ ਭੀ ਇਹ ਅਤਿਵਾਦੀ ਅੰਸ਼ ਕੂ ਕਲੈਕਸ ਕਲਾਨ ਦੀ ਮੱਦਦ ਕਰਦੇ ਹਨ ਅਤੇ ਉਹਨਾਂ ਵਲੋਂ ਮੱਦਦ ਨੂੰ ਖਿੜ੍ਹੇ ਮੱਥੇ ਸਵੀਕਾਰ ਕਰਦੇ ਹਨ। ਇਥੋਂ ਦੇ ਨੇਟਿਵ ਇੰਡੀਅਨ ਵਸਿੰਦਿਆਂ ਦੀ ਜੱਦੋ ਜਹਿਦ ਇਹਨਾਂ ਦਿਆਂ ਕੰਨਾਂ ਪੁਰ ਜੂੰਅ ਨਹੀਂ ਸਰਕਾਉਂਦੀ। ਦੱਖਣੀ ਅਫਰੀਕਾ 'ਚ ਐਪਾਰਟਾਈਡ ਦੇ ਖਿਲਾਫ ਜੱਦੋ ਜਹਿਦ ਨਾਲ ਇਹਨਾਂ ਦਾ ਕੋਈ ਹਿੱਸਾ ਨਹੀਂ। ਗੱਲ ਕੀ — ਇਹ ਅੰਸ਼ ਚਾਹੁੰਦੇ ਹਨ ਕਿ ਲੋਕ ਕੱਟੜਵਾਦ ਅਤੇ ਫਿਰਕਾਪ੍ਰਸਤੀ ਦੇ ਖੋਪੇ ਪਾ ਕੇ ਇਸੇ ਤਰ੍ਹਾਂ ਆਪਣੀ ਹੀ ਲੁੱਟ ਦਾ ਖੁਦ ਆਪ ਖੂਹ ਗੇੜਦੇ ਰਹਿਣ ਤਾਂ ਕਿ ਇਹਨਾਂ ਅੰਸ਼ਾਂ ਅਤੇ ਇਹਨਾਂ ਦੇ ਵੱਡੇ ਢਿੱਡਾਂ ਵਾਲੇ ਮਾਲਿਕਾਂ ਦਾ ਨਾਕਾਲੂ ਨਾ ਮਰੇ।

ਲੋਕੋ ਸੋਚੋ ! — ਸਿਆਣੇ ਬਣੋ !! ਆਵਾਜ਼ ਉਠਾਓ ਤਾਂ ਕਿ ਇਹਨਾਂ ਅੰਸ਼ਾਂ ਨੂੰ ਪਤਾ ਲੱਗੇ ਕਿ ਤੁਸੀਂ ਸਿਆਸੀ ਤੌਰ ਤੇ ਚੇਤੰਨ ਹੋ। ਨਜ਼ਾਮ ਕਦੇ ਮਜ਼੍ਹਬਾਂ ਨੇ ਨਹੀਂ ਬਦਲੇ। ਧਰਮ ਵਿਅਕਤੀ ਦਾ ਇਕ ਜਾਤੀ ਮਾਮਲਾ ਹੈ। ਅੱਜ ਦਾ ਸਮਾਜ ਧਰਮ ਦੇ ਨਾਮ ਪੁਰ ਅਤਿਵਾਦ ਅਤੇ ਵੱਖਵਾਦ ਨੂੰ ਬਰਦਾਸ਼ਤ ਨਹੀਂ ਕਰੇਗਾ।

## ਝੱਲੇ ਜੱਲ੍ਹਰ ਜੰਤਾ ਮਾਈ

ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ

ਉਰਦੂ ਹਿੰਦੀ ਦੇ ਤਿੰਨ ਪੱਤ੍ਰ, ਸ਼ਹਿਰ ਜਲੰਧਰ ਛੱਪਦੇ
ਤਿੰਨ ਸੰਪਾਦਕ, ਤਿੰਨ ਪੁਸ਼ਤੀਏ, ਹਿੰਦੀ ਹਿੰਦੀ ਜਪਦੇ
ਪਾਠਕ ਹਿੰਦੂ ਜਾਤੀ ਤਾਈਂ, ਦੇਣ ਕੁਫਰ ਦੀ ਗੁੜ੍ਹਤੀ
ਕਹਿਣ ਊਠ ਨੂੰ, ਲਿਖੋ ਬੱਕਰੀ, ਕਹੋ ਕੋਟ ਨੂੰ ਕੁੜਤੀ
ਭਰੀ ਦਿਮਾਗ਼ਾਂ ਵਿਚ ਸਿਆਹੀ, ਲਾ ਕੇ ਪੁੱਠੀ ਚਾਬੀ
ਚੌਵੀ ਘੰਟੇ ਅੰਦਰ, ਬਾਹਿਰ, ਬੋਲਣ ਠੇਠ ਪੰਜਾਬੀ
ਜਨ ਗਣਨਾ ਵਿਚ ਮਾਂ ਦੀ ਭਾਸ਼ਾ, ਹਿੰਦੀ ਤੁੱਕ ਲਿਖਾਈ
ਭੋਰੀ ਜੱਲ੍ਹਰ ਜੰਤਾ ਮਾਈ

ਖਾਲਿਸ ਝੂਠ ਧਰਮ ਦੇ ਬੇਟਿਆਂ, ਬੋਲਿਆ ਚਾਂਭੜ ਚਾਂਭੜ
ਨਿੱਕੀ ਇਕ ਚੰਗਾਰੀ ਸੁੱਟੀ, ਜਿਸ ਦੇ ਬਣ ਗਏ ਭਾਂਬੜ
ਮੱਚ ਦੀ ਉੱਤੇ ਤੇਲ ਲੀਡਰਾਂ, ਪਾਇਆ ਭਰ-ਭਰ ਕੁੱਪੇ
ਕਹਿੰਦੇ ਸਾਨੂੰ ਸਰਦੀ ਲੱਗੇ, ਜੇਠ ਦੋ-ਪਹਿਰੇ ਧੁੱਪੇ
ਰਾਹਾਂ ਵਿਚ ਖਿਡਾਏ ਗੋਡੇ-ਗੋਡੇ ਤਿੱਖੇ ਕੰਡੇ
ਘਰੀਂ ਬਰੂਦ ਮੁਹੱਯਾ ਕੀਤਾ, ਦਗ ਦੇ ਕੋਇਲੇ ਵੰਡੇ
ਗੱਡਾ-ਗੱਡਾ ਲੂਣ ਖਵਾਇਆ, ਮਣ ਮਣ ਜ਼ਹਿਰ ਪਿਲਾਈ
ਭੋਰੀ ਜੱਲ੍ਹਰ ਜੰਤਾ ਮਾਈ

ਸੀ ਭਾਰਤ ਦਾ ਹੋਮ ਮਿਨਿਸਟਰ, ਓਸ ਟਾਈਮ ਤੇ ਨੰਦਾ
ਦਾਸ ਕਮਿਸ਼ਨ ਜ਼ਰੀਏ ਜਿਸਨੇ, ਰੋਲ ਨਿਭਾਇਆ ਗੰਦਾ
ਜਿਣਸ ਜੱਟ ਦੀ, ਚੋਰ-ਤੋਲਾਵਾਂ, ਮਾਰ ਗਿਆ ਸੀ ਡੰਡੀ
ਡਾਂਗਾਂ ਦੇ ਗਜ਼ ਲੈ ਕੇ ਸਾਂਝੀ, 'ਸੋਨਾ' ਧਰਤੀ ਵੰਡੀ
ਬੋਲੀ ਦੇ ਥਾਂ ਫਿਰਕੂ 'ਲੀਹ' ਤੇ, ਕੀਤੀ ਵੰਡੀ ਕਲੋਟੀ
ਰਿੱਛ ਰਹਿ ਗਿਆ ਮੋਰ ਭੰਨਾਉਂਦਾ, ਬਾਂਦਰ ਖਾ ਗਿਆ ਰੋਟੀ
'ਸੇਹ' ਤੇ ਤੱਕਲਿਆਂ ਦੀ ਝੂੰਘੀ, ਸੰਢਣੀ ਕਰੀ ਬਿਜਾਈ
ਭੋਰੀ ਜੱਲ੍ਹਰ ਜੰਤਾ ਮਾਈ

ਖੱਬੇ ਜੱਥੇਦਾਰੀ ਸੱਜੇ, ਰਾਜ ਸਭਾ ਦੀ ਗੱਦੀ
ਟੌਹੜੇ ਤੇ ਤਲਵੰਡੀ ਰੱਖੀ ਨਾਲ ਗਿੱਟਿਆਂ ਬੱਧੀ
ਉਚ ਪਦਵੀਆਂ ਦੋ-ਦੋ ਆਪਣੀ, ਮੁੱਠ ਚਿ ਰੱਖੇ ਏਵੇਂ
ਅਖੇ ਧਰਮ ਤੇ ਨੀਤੀ ਸਾਨੂੰ, ਦੱਸੀ ਸਤਿਗੁਰ ਛੇਵੇਂ
ਪਾੜੋ ਰਾਜ ਕਰੋ ਦੀ ਨੀਤੀ, ਨਹੀਂ ਖਲੀਫਿਆਂ ਛੱਡੀ
ਪੱਕੀ-ਕੰਧ ਪਹਾੜੋਂ ਉਚੀ, ਦੋ ਸੰਤਾਂ ਵਿਚ ਕੱਢੀ
ਓਧਰ-ਪੰਥਿਕ ਏਕੇ ਵਾਲੀ, ਪਾਉਂਦੇ ਰਹੇ ਦੁਹਾਈ
ਭੋਰੀ ਜੱਲ੍ਹਰ ਜੰਤਾ ਮਾਈ

ਸੀ ਦਰਬਾਰ-ਸਮੂਹ ਵਿੱਚ ਜਿਸ ਦਿਨ, ਮੱਚਣ ਲੱਗੀ ਅੰਨ੍ਹੀ
ਮਹਾਂ-ਪੋਪ ਟੌਹੜੇ ਦੇ ਕੀ ਸੀ, ਅੱਖੀਂ ਪੱਟੀ ਬੰਨ੍ਹੀ
ਜੇ ਪ੍ਰਧਾਨ ਸਾਹਿਬ ਦੀ ਮਰਜ਼ੀ, ਨਾ ਸੀ ਉਨ੍ਹਾਂ ਨਾਲੇ
ਕਿਵੇਂ ਅਕਾਤ-ਤਖਤ ਵਿੱਚ ਬੈਠੇ, ਸੰਤ ਭਿੰਡਰਾਂ ਵਾਲੇ
ਜਿੱਥੇ ਉਨ੍ਹਾਂ ਸਹਿਜ-ਭਾਖਿਆ, ਸਿਰ-ਘਸਿਆ ਨਾ ਦਿੱਸੇ
ਕੇਵਲ ਪੈਂਤੀ-ਪੈਂਤੀ ਆਉਂਦੇ, ਇੱਕ-ਇੱਕ ਦੇ ਹਿੱਸੇ
ਨਿਊਜ਼ ਪੇਪਰਾਂ ਮਿਰਚਾਂ ਲਾ ਲਾ, ਸੁਰਖੀ ਖੂਬ ਜਮਾਈ
ਭੋਰੀ ਜੱਲ੍ਹਰ ਜੰਤਾ ਮਾਈ

ਯੂ. ਐਨ. ਓ. ਦੇ ਕੋਠੇ ਚੜ੍ਹ ਕੇ, ਮੱਤਾਂ ਦਿੰਦੀ ਹੁੰਦੀ
ਐਨ ਵਿਨਾਸ਼-ਕਾਲ ਤੇ ਉਸ ਦੀ, ਅਕਲ ਗਈ ਹੋ ਕੁੰਦੀ
ਤਖਤ-ਅਕਾਲ ਸਿੱਖਾਂ ਦਾ 'ਮੱਕਾ' 'ਥੇਹ' ਬਣਾ ਕੇ ਧਰ ਗੀ
ਅੰਗ-ਰੱਖਿਕਾਂ ਹੱਥੋਂ ਚਿੱਟੇ, ਸੂਰਜ ਇੰਦਰਾ ਮਾਰ ਗੀ
ਬੁੱਢੀ ਵਿਧਵਾ ਮਾਰਨ ਵਾਲੇ, ਜਾਣੇ ਸਦੀਆਂ ਪੂਜੇ
ਤੀਹ-ਪੈਂਤੀ ਸੌ ਨਵੀਆਂ ਵਿਧਵਾ, ਹੋ ਗਈਆਂ ਦਿਨ ਦੂਜੇ
ਸਿੱਖ-ਸਮੂਹ ਕਤਲਾਂ ਦੀ ਦਿੱਲੀ, ਕੀਤੀ ਗਈ ਟਰਾਈ,
ਭੋਰੀ ਜੱਲ੍ਹਰ ਜੰਤਾ-ਮਾਈ

ਖਾੜਕੂਆਂ ਨੇ ਪੈਂਤੀ ਚਾਲੀ, ਇਧਰ 'ਗੱਡੀ-ਚਾੜ੍ਹੇ
ਓਧਰ ਤੀਹ ਕੁ ਹਜ਼ਾਰ ਗਏ ਹਨ, ਮਾਰੇ ਅਤੇ ਉਜਾੜੇ
ਬਣੇ ਸ਼ਿਕਾਰ ਭੁਪਾਲ, ਬਿਕਾਰੋ, ਅਤੇ ਕਾਨ੍ਹਪੁਰ ਕਿੰਨੇਂ
ਸਨ ਨਿਰ-ਦੋਸ਼ ਸਭੇ ਨਿਰ-ਦਲੀਏ, ਕਤਲ ਗਏ ਹੋ ਜਿੰਨੇ
ਅੱਧ ਜਲੀਆਂ ਲਾਸ਼ਾਂ ਨੂੰ ਦਿੱਲੀ, ਰਹੇ ਚੂੰਡ ਦੇ ਕੁੱਤੇ
ਫਿਰੇ ਖੇਡਦੇ ਖੂਨੀ ਹੋਲੀ, ਗੁੰਡੇ ਸੜਕਾਂ ਉਤੇ
ਗਾਂਧੀ-ਭਗਤ, ਅਹਿੰਸਾ-ਵਾਦੀ, ਸ਼ਾਕਾ ਹਾਰ ਕਸਾਈ
ਭੋਰੀ ਜੱਲ੍ਹਰ ਜੰਤਾ ਮਾਈ

ਯੂ. ਪੀ. ਵਿਚ 'ਤਰਾਈ' ਸਿੱਖ ਦਾ, ਜੀਵਨ ਸੀ ਸਰ ਸਧਜ਼ਾ
ਇੱਕ-ਇੱਕ ਦਾ ਧਰਤੀ ਦੋ-ਦੋ ਸੌ ਏਕੜ ਤੇ ਕਬਜ਼ਾ
ਕਈ ਕਰੋੜਾਂ ਦੇ ਮਾਲਿਕ ਸਨ, ਵੱਡੇ ਕਾਰੋਬਾਰੀ
ਅੱਜ ਪੰਜਾਬ ਚਿ ਧੱਕੇ ਖਾਂਦੇ, ਫਿਰ ਦੇ ਬਣੇ ਭਿਕਾਰੀ
ਗਾਡੀ ਰਸਤਾ ਛੱਡ ਰਾਹਿਨੁਮਾ ਪੈ ਗੇ 'ਪੈਂਛੜ ਟੇਢੇ
ਦੋ ਤੇ ਸੱਤ੍ਰ ਸਾਲਾ 'ਪਾਰਸ' ਹੰਝੂ ਭਰੇ ਕੈਨੇਡੇ
ਵਤਨਾਂ ਦੀ ਚਿੰਤਾ ਨੇ ਰੱਤ ਸੁਕਾਈ, ਨੀਂਦ ਚੁਰਾਈ
ਭੋਰੀ ਜੱਲ੍ਹਰ ਜੰਤਾ ਮਾਈ

(Contd. from page 10)

the political parties has a communal content. It arouses expectations on communal lines which cannot be realised within the existing socio-economic structure. Non-realisation of such expectations reinforces the belief that a particular religious group is being discriminated against. Communal expectations roused by vested interests have serious repercussions on the functioning of the present system. Victims of communal ideology, spurred by the non-realisation of their communal demands, seek alternatives in the form of reactionary solutions such as "Khalistan", "Hindu Rashtra" or "Darul-Haram".

Another dangerous consequence of communalism is its potential of leading to the disintegration of the country. Secessionists and external forces can use communal violence to destabilise the Indian State. Their attempts may have a limited impact, but can become dangerous in a communally surcharged environment in which reason is subordinated to emotion. This can happen particularly when communal identities are perceived by a religious group to be synonymous with the right to self-determination.

### What is Communalism ?

Communalism is the political, economic and social assertiveness of an organised aggregation of individuals identifying themselvs with a particular group (in the present context a religious group). Members of each of these groups have the perception that they have common cultural norms and beliefs. In the present context, communalism derives its existence from the specific nature of development along capitalist lines and persists because of communal ideology. This assertiveness is antagonistic in its form and content. Such aggregations of individuals in India are seen to be based on religion, caste, sub-caste, language, region and sectarian and ethnic identities. These aggregations may be exclusive but they do overlap. Therfore, it is possible that linguistic, ethnic, caste and religious group identities co-exist. The assertion of the primary category of group identity varies with changing times. For example, in the 1950s the primary category of group identity in Punjab used to be language, but, after its division in the mid-sixties, the primary category has acquired religious overtones, in addition to the language determinant. Subsequently the controversy over language has provided fuel to religious conflicts.

The following are the distinctive features and implications of the definition of communalism :

1. The inherent notion in communalism is that it is not merely an identification on the basis of religion, but also a perception of antagonism towards followers of other religions. In fact, the later constitutes its necessary condition. This is not to deny that religious differences are crucial elements of communal ideology and politics, but to suggest that they, by themselves, do not cause communalism. "In other words religious difference was the basic element of communal ideology and politics and was used by the communalists as an organising principle to mobilise the masses, but it was not the cause". The victims of communal ideology assume that it is possible to protest their interests (socio-economic and political) only as members of a religious groups. The implicit assumption is that the interests of various group, identified as Sikhs and Hindus, etc., are conflicting.

   Therefore any attempt, violent or non-violent, is justified to realise these goals. In this, religion is used as an instrument to provide justification for acts, which are otherwise inhuman and undesirable. Further history has many times shown that religion is ready to excuse atrocities which decent men would hesitate to commit under any other name. Moreover, once a conflict has started for economic or other reasons and then assumes a communalist guise, it tends to expand to include innocent co-religionsists of the real enemies. Also it tends to colour the thinking of the persons involved for all their other issues.

2. The antagonistic assertiveness in political, economic and social spheres derive its sustenance from private ownership of the means of production and the market mechanism geard to the profit motive for private accumulation. In a society where there are pluralities of religion, caste, etc., this results in an intense competition along communal lines. Thereforem communalism is a nodern concept. No doubt it has incorporated some of the traditional ideological elements, but the content of present day communalism derives its life force from the new system of production and ideology. This antagonistic assertiveness acquires a communal colour from religious symbols, institutions and structures and operates through traditional as well as modern structures. This, therefore, does not imply that modern communalism is a pre-capitalist notion or has been caused by past structures or institutions. It is a modern phenomenon flowing from modern structures. The main locus of this phenomenon in India is communal ideology.

3. Communalism, whether manifested in a majority religious group or in a minority religious group, is retrogressive to development. The concepts of majority complex or minority complex are not merely a matter of numbers, but also imply a psychological attitude. For instance, in Punjab, the Hindus, though in a majority at the all-India level, suffer from a minority complex within Punjab. The Sikhs, though a majority in Punjab have a minority complex when they look at India as a whole and the character of the power structure at the Centre. The Sikhs, who fear assimilation into the Hindu religion, aspire aor strengthening the revivalist, fundamentalist tendencies in order to retain their separate identity. The Punjabi Hindus fear domination by the Sikhs in Punjab and, therefore, have a strong tendency to identify themselves with the so-called Indian mainstream rather than the Punjabi mainstream.

To comprehend the phenomenon of communalism, it is further necessary to explore its various underlying and obvious dimensions. However, these dimensions are specific to situations in time and space. The identification of dominant communal forces and groups trying to use communalism to maintain and promote their interests may also lead to a solution of the problem.

(to be contd.)

## ਮਹਾਂਪੁਰਸ਼-ਬਚਨ ਉਲਥਾ

ਰਾਮ ਸਿਘ ਢਿੱਲੋਂ (ਗੋਰਾਇਆ) ਸਰੀ

1. ਮਾਟੀ ਏਕ ਅਨੇਕ ਭਾਂਤ ਕਰ ਸਾਜੀ ਸਾਜਨਹਾਰੇ,
   ਨਾ ਕੋ ਪੋਤ ਮਾਟੀ ਕੇ ਭਾਂਡੇ ਨਾਂ ਕੋ ਪੋਤ ਘੁਮਾਰੇ ।
2. ਕਬੀਰਾ ਤੇਰੀ ਝੌਂਪੜੀ ਗਲ-ਕਟਿਆਂ ਕੇ ਪਾਸ,
   ਕਰਨਗੇ ਸੋ ਭਰਨਗੇ ਤੁਮ ਕਿਉਂ ਭਏ ਉਦਾਸ ।
3. ਖੰਭ ਵਿਕੰਦੜੇ ਜੇ ਲਹਾਂ ਘਿੰਨਾਂ ਸਾਵੀ ਤੋਲ,
   ਤਨ ਜੜਾਈਂ ਅਪਣੇ ਲਹਾਂ ਸੋ ਸੱਜਣ ਟੋਲ ।
4. ਦੇਖ ਪ੍ਰਾਈ ਚੋਪੜੀ ਨਾ ਤਰਸਾਏ ਜੀਉ,
   ਰੁਖੀ ਮਿਸੀ ਖਾਇਕੇ ਠੰਡਾ ਪਾਣੀ ਪੀਉ ।
5. ਕਾਗਾ ਕਰੰਗ ਢਢੋਲਿਆ ਸਗਲੇ ਖਾਇਓ ਮਾਸ,
   ਪਰ ਏ ਦੋਇ ਨੈਣਾਂ ਮਤ ਛੂਹਿਓ ਮੈਨੂੰ ਪਿਰ ਦੇਖਣ ਕੀ ਆਸ ।
6. ਚਿੜੀ ਚੋਂਚ ਭਰ ਲੈ ਗਈ, ਰਤਾ ਨਾ ਘਟਿਉ ਨੀਰ,
   ਦਾਨ ਦੀਏ ਧੰਨ ਨਾ ਘਟੇ ਕਹਿ ਗਏ ਭਗਤ ਕਬੀਰ ।
7. ਮਾਣਸ ਜਨਮ ਦੁਰਲੰਭ ਹੈ, ਹੋਤ ਨਾ ਬਾਰੰਬਾਰ,
   ਜਿਉਂ ਬਨ ਫਲ ਪਕ ਭੋਇ ਗਿਰੇ ਬਹੁਰ ਨਾ ਲਾਗੇ ਡਾਰ ।

---

1. The moulding-clay is the same, the Creator only gives different shapes ;
   The earthen-pots are not polished, nor polished is the potter who makes.
2. O, Kabir ! your straw-hut is in the custoday of the neckless ;
   Only the evil-doers will be punished, why you look sad and breathless?
3. If I could buy the wings, even if pay my body-weight money ;
   Will fix them on my body and fly-find my beloved honey.
4. Do not water your mouth, seeing other's rich & juicy bread ;
   Be contented with your pitcher's water & barley-bread instead.
5. O, the skelton-searching crow ! eat up all flesh of mine ;
   But spare these two eyes, as am hopeful of seeing my beloved, till they shine.
6. Sparrow's beakful, won't decrease the water of the sea ;
   Kabir saya, giving of Alms, won't decrease the riches, a bit-wee.
7. Human-birth never occurs often, so is very rare ;
   As a ripe-fruit falls off the tree, cannot re-stick the branch there.

## ਰਾਮ 'ਘਰ' ਪਰਤਣਗੇ ?

ਨਵੀਂ ਦਿੱਲੀ — ਕਾਂਗਰਸ (ਜ) ਪ੍ਰਧਾਨ ਜਗਜੀਵਨ ਰਾਮ ਦੇ ਨਿਕਟ ਭਵਿਖ ਵਿਚ ਕਾਂਗਰਸ (ਆਈ) ਵਿਚ ਸ਼ਾਮਲ ਹੋਣ ਦੀ ਸੰਭਾਵਨਾ ਵੱਧ ਰਹੀ ਹੈ। ਇਸ ਸੰਬੰਧੀ ਸੰਕੇਤ ਇਥੇ ਉਦੋਂ ਮਿਲਿਆ ਜਦੋਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਸ੍ਰੀ ਜਗਜੀਵਨ ਰਾਮ ਵਲੋਂ ਕਾਂਗਰਸ ਪਾਰਟੀ ਦੀ ਲੰਮੇ ਸਮੇਂ ਲਈ ਕੀਤੀ ਸੇਵਾ ਦਾ ਜ਼ਿਕਰ ਕਰਦਿਆਂ ਆਸ ਪ੍ਰਗਟਾਈ ਕਿ ਉਨ੍ਹਾਂ ਨੂੰ "ਅਜਿਹਾ ਹੋਰ ਮੌਕਾ" ਵੀ ਮਿਲੇਗਾ ।


## INDIA-CANADA INVESMENT SEMINAR

**Where: Hotel Vancouver,**
[CNR. BURRARD & GEORGIA ST.] DOWNTOWN, VANCOUVER, B.C.

**When: Sunday, May 4, 1986** FROM 9:00 A.M. TO 5:00 P.M.

WHO'S THE SPONSOR: JOINTLY ORGANIZED BY LLW LANDLORDS WORLD INC. AND INDIA INVESTMENT CENTRE - NEW YORK.

WHAT'S THE COST? $95 PER PERSON FOR THE WHOLE DAY INCLUDING HOTEL LUNCH

WHY? INVEST YOUR MONEY IN INDUSTRIES IN YOUR MOTHERLAND [INDIA], SPECIAL INCENTIVES, LOANS AND PROGRAMS FOR NON-RESIDENT INDIANS E.G.

*Underwriting of Shares*
*Direct Equity Participation of the State Govt.*
*Seed Capital Scheme*
*Capital Subsidy*
*Sales Tax Incentive*
*Income Tax Rebate and much much more*

GUEST SPEAKERS: TOP OFFICIALS OF GOVT. OF INDIA IN CANADA & USA, INVESTMENT CONSULTANTS, LOCAL MINISTERS & OVERSEAS TRADE EXPERTS ETC...

*LIMITED SEATS - REGISTER TODAY*

*For more information please contact:*
INDIA-CANADA SEMINAR, P.O. BOX 3274, VANCOUVER, B.C. V6B 3X9
TEL: (604) 521-0579 OR THE OVERSEAS TIMES INFO. CENTRE TEL: 588-8666.

*Co-Sponsored by India Investment Centre - New York.*
*[A Govt. of India Under Taking]*

# ਸਾ ਹਿ ਤ ਦ ਰ ਪ ਣ

## ਕਹਾਣੀ:

# ਡਰਿਆ ਹੋਇਆ ਮਨੁੱਖ

**ਸਾਥੀ ਲੁਧਿਆਣਵੀ**

ਇਹ ਮੇਰੇ ਵਿਚ ਬਹੁਤ ਵੱਡੀ ਕਮਜ਼ੋਰੀ ਹੈ ਕਿ ਜਦੋਂ ਕਦੇ ਵੀ ਕਿਸੇ ਨਵੇਂ ਦੇਸ਼ ਜਾਂ ਨਵੇਂ ਸ਼ਹਿਰ ਜਾਂਦਾ ਹਾਂ ਤਾਂ ਉਥੋਂ ਦੀਆਂ ਇਮਾਰਤਾਂ, ਆਰਟ ਗੈਲਰੀਆਂ, ਅਜਾਇਬ ਘਰਾਂ, ਥੀਏਟਰਾਂ, ਲਾਇਬਰੇਰੀਆਂ, ਸਿਨਮਿਆਂ, ਨਾਚ ਘਰਾਂ ਤੇ ਹੋਰ ਵੇਖਣਯੋਗ ਥਾਵਾਂ ਨੂੰ ਵੇਖਦਾ ਵੇਖਦਾ ਵਕਤ ਬਾਰੇ ਉਕਾ ਹੀ ਭੁੱਲ ਜਾਂਦਾ ਹਾਂ। ਉਪਰ ਦਸੀਆਂ ਵਸਤਾਂ ਨੂੰ ਵੇਖਣ ਤੇ ਮਾਨਣ ਦੀ ਲਾਲਸਾ ਕਾਰਨ ਮਨ 'ਚੋਂ ਉਸ ਸ਼ਹਿਰ ਜਾਂ ਦੇਸ਼ ਦੇ ਓਪਰੇਪਨ ਦਾ ਡਰ ਜਾਂਦਾ ਰਹਿੰਦਾ ਹੈ। ਦੇਸ਼ਾਂ ਦੀਆਂ ਹੱਦਬੰਦੀਆਂ ਦਾ ਖਿਆਲ ਭੁੱਲ ਜਾਂਦਾ ਹੈ। ਮਨੁੱਖ ਇਕ ਇਕਾਈ ਹੋ ਕੇ ਰਹਿ ਜਾਂਦਾ ਹੈ।

ਇਹੋ ਗੱਲ ਮੇਰੇ ਨਾਲ ਅੱਜ ਹੋਈ ਸੀ, ਪਰ ਜਦੋਂ ਚੋਖੀ ਰਾਤ ਬੀਤਣ ਉਤੇ ਨਿਊਯਾਰਕ ਵਿਚ ਇਕੱਲਿਆਂ ਘੁੰਮਣ ਦਾ ਅਹਿਸਾਸ ਹੋਇਆ ਤਾਂ ਦਹਿਲ ਜਿਹਾ ਗਿਆ। ਨਿਊਯਾਰਕ ਦੇ ਤਸ਼ੱਦਦ-ਪਸੰਦ ਸ਼ਹਿਰ ਹੋਣ ਬਾਰੇ ਸਿਰਫ ਮੈਂ ਇੰਗਲੈਂਡ ਦੀਆਂ ਅਖਬਾਰਾਂ ਵਿਚ ਹੀ ਨਹੀਂ ਸੀ ਪੜ੍ਹਿਆ ਹੋਇਆ, ਪਰਸੋਂ ਜਦੋਂ ਮੈਂ ਆਪਣੇ ਮੇਜ਼ਬਾਨ ਕੋਲ ਨਿਊਯਾਰਕ ਆਇਆ ਸਾਂ ਤਾਂ ਉਸ ਨੇ ਵੀ ਪਹਿਲੀ ਗੱਲ ਇਹੋ ਆਖੀ ਸੀ ਕਿ ਇਸ ਸ਼ਹਿਰ ਵਿਚ ਰਾਤ ਬਰਾਤੇ ਜਾਂ ਦਿਨ ਦੀਵੀਂ ਹੀ ਲੁੱਟ ਖਸੁੱਟ, ਮਾਰ ਕੁਟਾਈ ਤੇ ਕਈ ਵੇਰ ਕਤਲ ਦੀਆਂ ਵਾਰਦਾਤਾਂ ਆਮ ਹੀ ਹੁੰਦੀਆਂ ਰਹਿੰਦੀਆਂ ਹਨ। ਇਹ ਘਟਨਾਵਾਂ ਏਡੀ ਬਹੁਤਾਤ ਵਿਚ ਹੋਣ ਲੱਗ ਪਈਆਂ ਨੇ ਕਿ 'ਨਿਊਯਾਰਕ ਟਾਈਮਜ਼' ਆਦਿ ਅਖਬਾਰਾਂ ਅਜਿਹੀਆਂ ਖਬਰਾਂ ਨੂੰ ਦੋ ਚਾਰ ਸਤਰਾਂ ਤੋਂ ਵੱਧ ਥਾਂ ਨਹੀਂ ਦਿੰਦੀਆਂ। "ਆਖਰ ਅਮਰੀਕਾ ਵਾਸਤੇ ਹੋਰ ਬਥੇਰੀਆਂ ਵਿਸ਼ੇਸ਼ ਕੌਮਾਂਤਰੀ ਗੱਲਾਂ ਹਨ ਜਿਨ੍ਹਾਂ ਨੂੰ ਵਿਸ਼ੇਸ਼ਤਾ ਦੇਣੀ ਨਿਊਯਾਰਕ ਵਿਚ ਹੋਈਆਂ ਚੰਦ ਘਟਨਾਵਾਂ ਨਾਲੋਂ ਕਿਤੇ ਵੱਧ ਹੈ।" ਉਸ ਨੇ ਕੌੜਾ ਜਿਹਾ ਹਾਸਾ ਹੱਸਦਿਆਂ ਆਖਿਆ ਸੀ।

ਤੇ ਅੱਜ ਮੈਨੂੰ ਆਪਣੀ ਬੇਸਮਝੀ ਅਤੇ ਅਣਗਹਿਲੀ ਉਤੇ ਗੁੱਸਾ ਆ ਰਿਹਾ ਸੀ। ਜੇ ਬੰਦੇ ਨੂੰ ਆਪਣੀ ਜਾਨ ਦੀ ਪਰਵਾਹ ਨਹੀਂ ਤਾਂ ਆਪਣੇ ਪਰਵਾਰ ਦਾ ਤਾਂ ਖਿਆਲ ਕਰੇ ਕਿ ਉਸ ਪਿਛੋਂ ਉਨ੍ਹਾਂ ਦਾ ਕੀ ਬਣੇਗਾ?

ਬਰਾਡਵੇ ਦੇ ਇਕ ਥੀਏਟਰ 'ਚੋਂ ਜਦੋਂ ਮੈਂ ਬਾਹਰ ਨਿਕਲਿਆ ਤਾਂ ਸਾਢੇ ਦਸ ਵੱਜ ਚੁੱਕੇ ਸਨ। ਗਰਮੀਆਂ ਦੇ ਦਿਨ ਹੋਣ ਕਾਰਣ ਹਾਲੀ ਵੀ ਕਾਫੀ ਰੌਣਕ ਸੀ। ਬਲਕਿ ਨਿਊਯਾਰਕ ਦਾ ਏਨਾ ਕੁ ਹਿਸਾ ਤਾਂ ਉਂਝ ਹੀ ਪਹੁ-ਫੁਟਾਲੇ ਤੀਕ ਜਾਗਦਾ ਰਹਿੰਦਾ ਹੈ। ਫਾਸਟ ਫੂਡ ਵਾਲੇ ਅਜੇ ਵੀ ਭਰਵਾਂ ਟਰੇਡ ਕਰ ਰਹੇ ਸਨ। ਈਟਿੰਗ ਪਲੇਸਜ਼ ਹਾਲੀਂ ਵੀ ਨੱਕੋ ਨੱਕ ਭਰੀਆਂ ਹੋਈਆਂ ਸਨ। ਕਈਆਂ ਬਾਰਾਂ ਵਿਚ ਸਟਰਿਪਟੀਜ਼ ਸ਼ੋਅ ਸਗੋਂ ਭਰਵੇਂ ਜੋਬਨ ਤੇ ਸਨ। ਇਨ੍ਹਾਂ ਬਾਰਾਂ ਵਿਚ ਵੱਜਦਾ ਸੰਗੀਤ ਬਾਹਰ ਦੇ ਟਰੈਫਿਕ ਅਤੇ ਭੀੜ ਭੜੱਕੇ ਵਿਚ ਇਕ ਅਜੀਬ ਤੇ ਜਾਗਦਾ ਵਾਤਾਵਰਣ ਸਿਰਜ ਰਿਹਾ ਸੀ। ਕਈ ਕੁੜੀਆਂ ਕੰਧਾਂ ਕੌਲਿਆਂ ਨਾਲ ਖਲੋਤੀਆਂ, ਨਕਲੀ ਭਰਵੱਟਿਆਂ ਤੇ ਪੈਨਸਲ ਕੀਤੀਆਂ ਅੱਖਾਂ ਮਟਕਾਉਂਦੀਆਂ, ਆਉਂਦੇ ਜਾਂਦੇ ਮਰਦਾਂ ਨੂੰ ਫਸਾਉਣ ਵਿਚ ਲੱਗੀਆਂ ਹੋਈਆਂ ਸਨ। ਉਥੋਂ ਟੁਰਦਾ ਹੋਇਆ ਮੈਂ ਬਤਾਲਵੀਂ ਸਟਰੀਟ ਅੱਪੜ ਗਿਆ। ਕਿਉਂਕਿ ਮੈਨੂੰ ਪਤਾ ਸੀ ਕਿ ਉਸਦੇ ਲਾਗਿਉਂ ਹੀ ਸੈਂਟਰਲ ਸਟੇਸ਼ਨ ਤੋਂ ਗੱਡੀ ਪਕੜਕੇ ਮੈਂ ਬਰੁਕਲੇਨ ਆਪਣੇ ਮੇਜ਼ਬਾਨਾਂ ਦੇ ਘਰ ਅਪੜ ਸਕਦਾ ਸਾਂ।

ਵੈਂਦਰਬਿਲਟ ਐਵੇਨਿਊ ਤੋਂ ਗਰੈਂਡ ਸੈਂਟਰਲ ਸਟੇਸ਼ਨ ਵੱਲ ਜਾਂਦਿਆਂ ਮੈਂ ਪਿਛਲੇ ਦੋ ਦਿਨਾਂ ਵਿਚ ਨਿਊਯਾਰਕ ਦਾ ਜੋ ਦੇਖਿਆ ਸੀ, ਉਸ ਦੀ ਫਿਲਮ ਮਨ ਵਿਚ ਦੁਹਰਾ ਰਿਹਾ ਸਾਂ — ਕਲੀਓਪੈਟਰਾ ਨੀਡਲ, ਕੋਲੰਬੀਆ ਯੂਨੀਵਰਸਿਟੀ, ਐਮਪਾਇਰ ਸਟੇਟ ਬਿਲਡਿੰਗ, ਸਟੈਚੂ ਆਫ ਲਿਬਰਟੀ ●ਾਲ ਆਫ ਫੇਮ, ਹਾਲ ਆਫ ਸਾਇੰਸ, ਨਿਊਯਾਰਕ ਪਬਲਿਕ ਲਾਇਬਰੇਰੀ (ਜਿਥੇ ਅੱਸੀ ਲੱਖ ਕਿਤਾਬਾਂ ਪਈਆਂ ਸਨ ਤੇ ਜਿਥੇ ਮੇਰਾ ਦਿਲ ਕੀਤਾ ਸੀ ਕਿ ਬੈਠਾ ਰਹਾਂ ਤੇ ਕਿਤਾਬ ਪੜ੍ਹੀ ਜਾਵਾਂ, ਪਰ ਏਨੀਆਂ ਕਿਤਾਬਾਂ ਪੜ੍ਹਨ ਲਈ ਤਾਂ ਕਈ ਉਮਰਾਂ ਲੋੜੀਂਦੀਆਂ ਹਨ) ਰੌਕਾਫੈਲਾ ਸੈਂਟਰ, ਰੂਜ਼ਵੈਲਟ ਮੈਮੋਰੀਅਲ, ਸੰਯੁਕਤ ਰਾਸ਼ਟਰ ਮਹਾਂ ਸਭਾ ਦੀ ਇਮਾਰਤ ਤੇ ਹੋਰ ਕਿੰਨਾ ਹੀ ਕੁਝ। ਸਾਰਾ ਨਿਊਯਾਰਕ ਵੇਖਣ ਲਈ ਤਾਂ ਕਈ ਦਿਨ ਨਹੀਂ, ਕਈ ਮਹੀਨੇ ਚਾਹੀਦੇ ਹਨ। ਮੈਂ ਤਾਂ ਇਸ 'ਬਿੱਗ ਐਪਲ' ਨੂੰ ਮਸਾਂ ਇਕ ਦੰਦੀ ਵੱਢੀ ਸੀ।

ਗਰੈਂਡ ਸੈਂਟਰਲ ਸਟੇਸ਼ਨ ਦੇ ਅੰਦਰ ਦਾਖਲ ਹੋਇਆ ਤਾਂ ਉਸ ਦਾ ਆਕਾਰ ਵੇਖਕੇ ਤਾਂ ਮੈਂ ਦੰਗ ਹੀ ਰਹਿ ਗਿਆ। ਭਾਵੇਂ ਮੈਂ ਪੜ੍ਹ ਰੱਖਿਆ ਸੀ ਕਿ ਇਹ ਦੁਨੀਆਂ ਦੇ ਵੱਡੇ ਸਟੇਸ਼ਨਾਂ 'ਚੋਂ ਇਕ ਸੀ, ਪਰ ਇਹ ਏਡਾ ਦਿਉ ਦਾਨੂੰ ਹੋਵੇਗਾ, ਇਸ ਦਾ ਅਹਿਸਾਸ ਮੈਨੂੰ ਹੁਣ ਹੋਇਆ ਸੀ। ਜੇਬ 'ਚੋਂ ਨਕਸ਼ਾ ਕੱਢਕੇ ਵੇਖਿਆ ਤਾਂ ਪਤਾ ਲੱਗਾ ਕਿ ਬਰੁਕਲੇਨ ਵਾਲੀ ਗੱਡੀ ਬੰਨਵੇਂ ਨੰਬਰ ਪਲੇਟਫਾਰਮ ਤੋਂ ਮਿਲੇਗੀ। ਪਰ ਬੰਨਵੇਂਵਾਂ ਪਲੇਟਫਾਰਮ ਮਿਲੇ ਕਿਝ?

ਮੈਂ ਹਾਲੀ ਟੁਰਨ ਹੀ ਲੱਗਾ ਸਾਂ ਕਿ ਇਕ ਪਾਟੇ ਹੋਏ ਕਾਲੇ ਕੋਟ ਤੇ ਟੁੱਟੇ ਹੋਏ ਟਰੇਨਰਾਂ ਵਾਲਾ ਅਤੀ ਗੰਦਾ ਜਿਹਾ ਨੀਗਰੋ ਮੇਰੇ ਕੋਲ ਖਲੋਤਾ ਕਹਿ ਰਿਹਾ ਸੀ, "ਤੇਰੇ ਕੋਲ ਇਕ ਅੱਧ ਡਾਲਰ ਹੈ ਤਾਂ ਦੇਹ, ਮੈਂ ਇਕ ਹੈਂਮਬਰਗਰ ਖਾਣਾ। ਸੂਪ ਦਾ ਕੱਪ ਵੀ ਪੀਣਾ, ਸਵੇਰ ਦਾ ਭੁੱਖਾ ਹਾਂ।" ਉਸ ਦਾ ਵਧਿਆ ਗੰਦਾ ਹੱਥ ਇੰਜ ਮੇਰੇ ਵੱਲ ਵਧਿਆ ਹੋਇਆ ਸੀ, ਜਿਵੇਂ ਉਹ ਖੈਰਾਤ ਨਹੀਂ — ਹੱਕ ਮੰਗ ਰਿਹਾ ਹੋਵੇ। ਉਸ ਦੇ ਮੋਟੇ ਭੱਦੇ ਬੁਲ੍ਹਾਂ 'ਚ ਕਰੇੜੇ ਖਾਧੇ ਪੀਲੇ ਦੰਦ ਹੱਸ ਰਹੇ ਸਨ ਤੇ ਉਸ ਦੀਆਂ ਅੱਖਾਂ ਵਿਚ ਤਰਸੇਵਾਂ ਉਕਾ ਨਹੀਂ ਸੀ। ਉਸ ਦੇ ਤਕੜੇ ਹੱਡਾਂ ਪਿਛੇ ਜੇਕਰ ਖੈਰਾਤ ਨਾ ਮਿਲੇ ਤਾਂ ਖੋਹ ਲੈਣ ਦਾ ਭੁਲੇਖਾ ਵੀ ਮੈਨੂੰ ਪੈ ਰਿਹਾ ਸੀ। ਇਕ ਤਾਂ ਉਹਦੇ ਅੰਦਾਜ਼ ਵਿਚ ਹੀ ਕੋਈ ਅਜਿਹੀ ਗੱਲ ਸੀ ਤੇ ਦੂਜਾ ਮੈਂ ਏਡੀ ਕਾਹਲ ਵਿਚ ਸਾਂ ਕਿ ਬਹਿਸ ਮੁਬਾਹਸੇ ਵਿਚ ਵਕਤ ਜ਼ਾਇਆ ਨਹੀਂ ਸਾਂ ਕਰਨਾ ਚਾਹੁੰਦਾ, ਸੋ ਮੈਂ ਬਟੂਆ ਕੱਢਿਆ ਤੇ ਇਕ ਡਾਲਰ ਉਹਦੀ ਤਲੀ ਉਤੇ ਰੱਖ ਦਿੱਤਾ। ਖੁਲ੍ਹੇ ਬਟੂਏ ਵਿਚ ਏਨੇ ਨੋਟ ਵੇਖਕੇ ਨੀਗਰੋ ਦੀਆਂ ਅੱਖਾਂ ਚਮਕ ਪਈਆਂ ਤੇ ਮੈਨੂੰ ਆਪਣੀ ਮੂਰਖਤਾ ਤੇ ਗੁੱਸਾ ਹੋਇਆ। ਇਹੋ ਜਿਹੇ ਬੰਦੇ ਮੂਹਰੇ ਮੈਨੂੰ ਬਟੂਆ ਨਹੀਂ ਸੀ ਖੋਲ੍ਹਣਾ ਚਾਹੀਦਾ। ਹੋ ਸਕਦੈ, ਇਹ ਝਪਟ ਮਾਰ ਕੇ ਸਾਰੇ ਪੈਸੇ ਖੋਹ ਲਵੇ। ਮੈਂ ਇਕ ਦਮ ਬਟੂਆ ਹਿਪ-ਪਾਕਟ ਵਿਚ ਪਾ ਕੇ ਟਿਕਟ ਕਾਊਂਟਰ ਵੱਲ ਟੁਰ ਪਿਆ।

ਟਿਕਟ-ਖਿੜਕੀ ਦੇ ਉਪਰ ਲੱਗੇ ਵੱਡੇ ਬੋਰਡ ਤੋਂ ਮੈਂ ਅਲਮਹਰਸਟ ਸਟੇਸ਼ਨ ਨੂੰ ਭਾਲ ਰਿਹਾ ਸਾਂ ਕਿ ਮੈਨੂੰ ਅਹਿਸਾਸ ਹੋਇਆ ਕਿ ਕੋਈ ਮੇਰੇ ਵੱਲ ਤੱਕ ਰਿਹਾ ਸੀ। ਹੋਰ ਕੌਣ ਹੋ ਸਕਦਾ ਸੀ? ਇਹ ਉਹੋ ਮੰਗਤਾ ਨੀਗਰੋ ਹੀ ਤਾਂ ਸੀ।

"ਹੁਣ ਕੀ ਚਾਹੀਦੈ?" ਮੈਂ ਖਿਝ ਕੇ ਉਹਨੂੰ ਕਿਹਾ।

"ਤੂੰ ਮੇਰਾ ਆਖਿਆ ਧੰਨਵਾਦ ਕਿਉਂ ਨਹੀਂ ਸੀ ਸੁਣਿਐ?" ਉਸਨੇ ਆਪਣੇ ਕੁੱਲ੍ਹਿਆਂ ਉਤੇ ਹੱਥ ਰੱਖ ਕੇ ਉਚੀ ਦੇ ਕੇ ਕਿਹਾ, "ਮੈਨੂੰ ਤੇਰੇ ਵਰਗੇ ਖਰਵੇ ਲੋਕ ਉਕਾ ਪਸੰਦ ਨਹੀਂ।"

"ਨਹੀਂ ਯਾਰ, ਮੈਂ ਤਾਂ ਦਰਅਸਲ ਕਾਹਲ ਵਿਚ ਸਾਂ।" ਮੈਂ ਡਰ ਗਿਆ ਤੇ ਸੋਚਿਆ ਕਿ ਇਹ ਤਾਂ ਖਾਹਮਖਾਹ ਗਲ ਪੈ ਰਿਹਾ ਹੈ ਤੇ ਪਤਾ ਨਹੀਂ ਕੀ ਕਰ ਬੈਠੇ? ਇਸ ਓਪਰੇ ਸ਼ਹਿਰ 'ਚ ਖਬਰੇ ਕੀ ਚੱਕਰ ਹੈ ਇਹ।

"ਕਿੱਥੇ ਜਾ ਰਿਹੈਂ?"

"ਕਿਤੇ ਨਹੀਂ, ਤੂੰ ਜਾਹ, ਫਿਕਰ ਨਾ ਕਰ।" ਮੈਨੂੰ ਨਾ ਉਹਦਾ ਸਵਾਲ ਪਸੰਦ ਸੀ ਤੇ ਨਾ ਹੀ ਮੈਂ ਉਹਨੂੰ ਕੋਈ ਜਵਾਬ ਦੇਣਾ ਚਾਹੁੰਦਾ ਸਾਂ। ਚੂੰਕਿ ਹੋ ਸਕਦੈ, ਇਹ ਵੀ ਮੇਰੇ ਨਾਲ ਹੀ ਗੱਡੀ ਵਿਚ ਚੜ੍ਹ ਜਾਵੇ ਤੇ ਮੇਰੇ ਕੋਲੋਂ ਬਟੂਆ ਖੋਹ ਲਵੇ। ਹੋ ਸਕਦੈ ਇਹਦੇ ਪਾਟੇ ਹੋਏ ਕੋਟ ਦੀ ਅੰਦਰਲੀ ਜੇਬ ਵਿਚ ਕੋਈ ਤੇਜ਼ਧਾਰ ਚਾਕੂ ਹੀ ਹੋਵੇ। ਏਥੇ ਇਸ ਸ਼ਹਿਰ ਵਿਚ ਕਿਸੇ ਦੇ ਚਾਕੂ ਵੱਜ ਜਾਣਾ ਭਲਾ ਕੋਈ ਵੱਡੀ ਗੱਲ ਐ?

"ਵੇਖ ਤੂੰ ਏਥੇ ਸਟੇਸ਼ਨ ਉਤੇ ਤਾਂ ਰਹਿੰਦਾ ਨਹੀਂ।" ਉਹ ਉੱਚੀ ਉੱਚੀ ਗੁੱਸੇ 'ਚ ਆ ਕੇ ਬੋਲਣ ਲੱਗਾ। "ਏਥੇ ਤਾਂ ਮੇਰੇ ਵਰਗੇ ਹੀ ਲੋਕ ਰਹਿੰਦੇ ਨੇ, ਜਿਨ੍ਹਾਂ ਦਾ ਕੋਈ ਘਰ ਘਾਟ ਨਹੀਂ। ਐਪਰ ਤੂੰ ਤਾਂ ਸੈਲਾਨੀ ਏਂ ਤੇ —"

"ਤੈਨੂੰ ਕਿਵੇਂ ਪਤਾ ਲੱਗ ਗਿਆ?" ਮੈਂ ਉਹਨੂੰ ਟੋਕਦਿਆਂ ਹੈਰਾਨੀ ਨਾਲ ਕਿਹਾ।

"ਪਿਛਲੇ ਬਾਰਾਂ ਸਾਲਾਂ ਤੋਂ ਆਪਣਾ ਕੰਮ ਵੀ ਹੋਰ ਕੀ ਹੈ?" ਉਸਦੀ ਆਵਾਜ਼ ਵਿਚ ਹੁਣ ਗੁੱਸੇ ਦਾ ਤਣਾਓ ਵਧੇਰੇ ਸੀ, "ਤੇਰੇ ਵਰਗੇ ਸੈਲਾਨੀਆਂ ਨੂੰ ਜਾਚਣਾ ਹੀ ਤਾਂ ਹੈ। ਸੈਲਾਨੀ ਹੀ ਸਾਨੂੰ ਪੈਸਾ ਦਿੰਦੇ ਐ, ਅਮਰੀਕਨ ਨਹੀਂ ਦਿੰਦੇ। ਕਹਿੰਦੇ ਐ, ਮੰਗਤੇ ਲੋਕ ਅਮਰੀਕਾ ਦੇ ਵੱਡੇ ਨਾਮ ਨੂੰ ਦਾਗ ਲਾਉਂਦੇ ਐ। ਅਮਰੀਕਾ ਸੁਆਹ ਅਮਰੀਕਾ। ਅਮਰੀਕਾ ਸਿਰਫ ਚਿੱਟੇ ਆਦਮੀ ਦਾ ਦੇਸ਼ ਐ। ਕਾਲਾ ਇਥੇ ਹਾਲੀ ਵੀ ਗੁਲਾਮਾਂ ਵਾਲੀ ਜ਼ਿੰਦਗੀ ਜਿਉਂਦਾ। ਫਰਕ ਏਨਾ ਹੀ ਹੈ ਕਿ ਇਹ ਛੁਪੀ ਹੋਈ ਗੁਲਾਮੀ ਹੈ, ਪਹਿਲਾਂ ਖੁਲ੍ਹਮ ਖੁਲ੍ਹੀ ਸੀ। ਖੈਰ, ਤੂੰ ਮੈਨੂੰ ਦੱਸ ਕਿਥੇ ਜਾਣੈ? ਮੈਂ ਤੈਨੂੰ ਦੱਸ ਦਿਨਾਂ ਵਾਂ ਕਿਥੋਂ ਗੱਡੀ ਫੜਨੀ ਏ।"

"ਐਲਮਹਰਸਟ" ਮੈਂ ਇਕ ਅੱਖਰਾ ਉਤਰ ਦੇ ਦਿੱਤਾ। ਹੁਣ ਮੈਨੂੰ ਵਿਸ਼ਵਾਸ਼ ਹੋ ਗਿਆ ਸੀ ਕਿ ਬੰਦਾ ਇਸ ਪਦਾਰਥਕ ਵਾਤਾਵਰਣ ਦੀ ਰਹਿੰਦ ਖੂੰਹਦ ਦਾ ਇਕ ਹਿੱਸਾ ਹੀ ਹੈ।

"ਨਾ ਤਾਂ ਤੈਨੂੰ ਇਹ ਬੋਰਡ ਹੀ ਪੜ੍ਹਨ ਦੀ ਲੋੜ ਹੈ ਤੇ ਨਾ ਹੀ ਟਿਕਟ ਲੈਣ ਦੀ ਜ਼ਰੂਰਤ ਹੈ।" ਫਿਰ ਉਸ ਚੇਂਜ ਵਾਲੀ ਖਿੜਕੀ ਵੱਲ ਇਸ਼ਾਰਾ ਕਰਕੇ ਕਿਹਾ, "ਐਥੋਂ ਚੇਂਜ ਲੈ ਕੇ ਉਸ ਗੇਟ ਦੀ ਮਸ਼ੀਨ ਵਿਚ ਪੰਜਾਹ ਸੈਂਟ ਪਾ ਤੇ ਅੰਦਰੋਂ ਗੱਡੀ ਫੜ ਕੇ ਬਰੁਕਲੇਨ ਵਾਲੀ ਟਰੇਨ ਪਕੜ ਲੈ। ਉਥੇ ਪੁੱਜ ਕੇ ਕਿਰਾਇਆ ਦੇ ਦੇਵੀਂ ਪਰ ਤੈਨੂੰ ਤੀਜੇ ਸਟੇਸ਼ਨ ਉਤੇ ਜਾ ਕੇ ਗੱਡੀ ਬਦਲਣੀ ਪਊ।"

ਮੈਂ ਇੰਝ ਹੀ ਕੀਤਾ। ਪਰ ਖਬਰੇ ਮੈਂ ਹੀ ਗੱਡੀ ਗਲਤ ਫੜ ਲਈ ਸੀ ਜਾਂ ਉਹਨੂੰ ਹੀ ਭੁਲੇਖਾ ਲੱਗ ਗਿਆ ਸੀ ਕਿ ਜਦੋਂ ਮੈਂ ਤੀਜੇ ਸਟੇਸ਼ਨ ਉਤੇ ਗੱਡੀ ਛੱਡੀ ਤਾਂ ਪਤਾ ਲੱਗਾ ਕਿ ਮੈਨੂੰ ਚੌਥੇ ਤੇ ਉਤਰ ਕੇ ਬਰੁਕਲੇਨ ਬ੍ਰਿਜ ਵਾਲੀ ਟਰੇਨ ਪਕੜਨੀ ਚਾਹੀਦੀ ਸੀ।

ਮੈਂ ਗੁੱਟ ਘੜੀ ਵੱਲ ਵੇਖਿਆ ਤਾਂ ਬਾਰਾਂ ਵੱਜ ਚੁੱਕੇ ਸਨ। ਅੱਧੇ ਘੰਟੇ ਪਿੱਛੋਂ ਗੱਡੀ ਆਈ ਤਾਂ ਮੈਂ ਹਦਾਇਤ ਅਨੁਸਾਰ ਐਲਮਹਰਸਟ ਸਟੇਸ਼ਨ ਜਾ ਉਤਰਿਆ। ਪਰ ਸਾਰੀ ਵਾਟ ਮੈਂ ਆਪਣਾ ਇਕ ਹੱਥ ਬਟੂਏ ਵਾਲੀ ਜੇਬ ਉਤੇ ਰੱਖੀ ਛੱਡਿਆ। ਜਦੋਂ ਕਿਸੇ ਸਟੇਸ਼ਨ ਉਤੋਂ ਕੋਈ ਨਵੀਂ ਸਵਾਰੀ ਚੜ੍ਹਦੀ ਤਾਂ ਮੈਂ ਚੌਕੰਨਾ ਹੋ ਜਾਂਦਾ ਐਲਮਹਰਸਟ ਤਕ ਪੁਜਦਿਆਂ ਮੇਰੇ ਡੱਬੇ ਵਿਚ ਦਸ ਪੰਦਰਾਂ ਕੁ ਸਵਾਰੀਆਂ ਹੀ ਰਹਿ ਗਈਆਂ। ਮੈਂ ਹਰ ਇਕ ਬਾਰੇ ਸ਼ੰਕਾ ਨਾਲ ਸੋਚ ਰਿਹਾ ਸਾਂ। ਉਹ ਸਭੇ ਵੱਖੋ ਵੱਖਰੀ ਨਸਲ ਦੇ ਬੰਦੇ ਸਨ। ਮੈਕਸੀਕਨ, ਇਟਾਲੀਅਨ, ਪੁਰਤੋਰੀਕਨ, ਨੀਗਰੋ, ਚਿੱਟੇ, ਬਹੁਤ ਹੀ ਚਿੱਟੇ, ਮਿਕਸਡ ਜਿਹੀ ਰੇਸ ਦੇ ਬੰਦੇ, ਚੀਨੇ ਜਿਹੇ, ਫਿਲਪੀਨੋ ਜਿਹੇ।

ਮੈਨੂੰ ਲਗ ਰਿਹਾ ਸੀ ਕਿ ਕਿਸੇ ਵੇਲੇ ਵੀ ਇਨ੍ਹਾਂ 'ਚੋਂ ਕੋਈ ਬੰਦਾ ਉਠ ਕੇ ਮੇਰੇ ਉਤੇ ਹਮਲਾ ਕਰ ਦੇਵੇਗਾ। ਮੈਂ ਏਡਾ ਲੇਟ ਹੋਣ ਕਾਰਨ ਆਪਣੇ ਆਪ ਨੂੰ ਡਾਢਾ ਹੀ ਕੋਸ ਰਿਹਾ ਸਾਂ।

ਐਲਮਹਰਸਟ ਸਟੇਸ਼ਨ ਤੋਂ ਬਾਹਰ ਆਇਆ ਤਾਂ ਉਥੇ ਚਾਰ ਪੰਜ ਬੰਦੇ ਉਚੀ ਉਚੀ ਇਕ ਦੂਜੇ ਨੂੰ ਕਿਸੇ ਬਦੇਸ਼ੀ ਭਾਸ਼ਾ ਵਿਚ ਗਾਲ੍ਹਾਂ ਕੱਢ ਰਹੇ ਸਨ। ਉਹ ਇਟਾਲੀਅਨ ਜਾਂ ਖੌਰੇ ਗਰੀਕ ਸਨ। ਸੰਖੇਪ ਜਿਹੇ ਕੱਪੜਿਆਂ ਵਿਚ ਖੜੋਤੀ ਇਕ ਖੂਬਸੂਰਤ ਚਿੱਟੀ ਕੁੜੀ ਪਰ੍ਹਾਂ ਖੜੋਤੀ ਜ਼ਾਰੋ ਜ਼ਾਰ ਰੋ ਰਹੀ ਸੀ।

ਜਿਉਂ ਹੀ ਮੈਂ ਉਨ੍ਹਾਂ ਦੇ ਲਾਗਿਓਂ ਗੁਜ਼ਰਨ ਲੱਗਾ ਤਾਂ ਇਕ ਜਣੇ ਨੇ ਦੂਜੇ ਦੇ ਢਿੱਡ ਵਿਚ ਘਸੁੰਨ ਜੜ ਦਿੱਤਾ। ਫਿਰ ਕੀ ਸੀ? ਕਿਸੇ ਫਿਲਮ ਸੈਟ ਦੇ ਸੀਨ ਵਾਂਗ ਉਹ ਸਭੇ ਘੂਰੋ ਮੁੱਕੀ ਹੋ ਗਏ। ਕੁੜੀ ਉਚੀ ਉਚੀ ਚੀਕਾਂ ਮਾਰਦੀ ਹੋਈ 'ਪੁਲੀਸ' 'ਪੁਲੀਸ' ਆਖਣ ਲੱਗੀ। ਮੈਨੂੰ ਲੱਗਾ ਜਿਵੇਂ ਕੋਈ ਭਾਵੀ ਵਰਤਣ ਵਾਲੀ ਹੈ ਤੇ ਕਿਸੇ ਨਾ ਕਿਸੇ ਤਰ੍ਹਾਂ ਮੈਂ ਵੀ ਇਨ੍ਹਾਂ ਦੀ ਲਪੇਟ ਵਿਚ ਆ ਜਾਣਾ ਸੀ। ਮੈਂ ਕਾਹਲੀ ਟੁਰਨ ਲੱਗਾ, ਪਰ ਜਿਵੇਂ ਕਿਸੇ ਸੁਪਨੇ ਵਿਚ ਅਸੀਂ ਨੱਸਣ ਦਾ ਯਤਨ ਕਰਦੇ ਹਾਂ, ਪਰ ਸਾਡੇ ਪੈਰ ਏਡੇ ਭਾਰੇ ਹੋ ਜਾਂਦੇ ਹਨ ਕਿ ਅਸੀਂ ਇਕ ਕਦਮ ਵੀ ਨਹੀਂ ਪੁੱਟ ਸਕਦੇ ਹੁੰਦੇ। ਕੁਝ ਏਸੇ ਤਰ੍ਹਾਂ ਹੀ ਅੱਜ ਮੇਰੇ ਨਾਲ ਹੋ ਰਿਹਾ ਸੀ। ਮੇਰੇ ਬੂਟ ਜਿਵੇਂ ਸਿੱਕੇ ਦੇ ਬਣ ਗਏ ਹੋਣ। ਮੇਰੀਆਂ ਲੱਤਾਂ ਵਿਚ ਜਿਵੇਂ ਸਾਹ ਸਤ ਹੀ ਨਾ ਰਿਹਾ ਹੋਵੇ। ਮੈਨੂੰ ਲਗ ਰਿਹਾ ਸੀ ਕਿ ਮੈਂ ਜਿਹੜਾ ਵੀ ਕਦਮ ਪੁੱਟ ਰਿਹਾ ਸਾਂ—ਉਹ ਡਰਿਲ ਕਰਨ ਵਾਂਗ ਹੀ ਉਸੇ ਹੀ ਥਾਂ ਉਤੇ ਮੁੜ ਧਰ ਲੈਂਦਾ ਸਾਂ। ਮੈਂ ਕੋਈ ਵਕਫਾ ਤੈਅ ਨਹੀਂ ਸੀ ਕਰ ਰਿਹਾ। ਹਰ ਸ਼ੈਅ ਜਿਵੇਂ ਸਟੇਟਿਕ ਸੀ — ਸਥਿਰ ਅਹਿਲ, ਅਡੋਲ। ਇੰਝ ਲੱਗ ਰਿਹਾ ਸੀ ਜਿਵੇਂ ਮੈਂ ਅੱਗ ਵਿਚ ਘਿਰ ਗਿਆ ਸਾਂ ਤੇ ਉਚੀ ਉਚੀ 'ਬਚਾਓ ਬਚਾਓ' ਦਾ ਰੌਲਾ ਪਾ ਰਿਹਾ ਸਾਂ, ਪਰ ਕਿਸੇ ਸੁਪਨੇ ਵਾਂਗ ਇਹ ਲਫਜ਼ ਸਿਰਫ ਮੈਨੂੰ ਹੀ ਸੁਣ ਰਹੇ ਸਨ—ਹੋਰ ਕਿਸੇ ਨੂੰ ਨਹੀਂ। ਟੁਰਦਿਆਂ ਟੁਰਦਿਆਂ ਮੈਂ ਪਿਛਾਂਹ ਪਰਤਕੇ ਵੇਖਿਆ ਤਾਂ ਇਕ ਬੰਦਾ ਉਥੇ ਹੀ ਫੁੱਟਪਾਥ ਉਤੇ ਢੇਰੀ ਹੋਇਆ ਪਿਆ ਸੀ। ਉਸ ਉਤੇ ਹਮਲਾ ਕਰਨ ਵਾਲੇ ਦੇ ਕੱਪੜੇ ਲਹੂ ਨਾਲ ਲੱਥਪਥ ਸਨ। ਜ਼ਾਹਰ ਹੈ ਕਿ ਚਾਕੂ ਚੱਲ ਗਏ ਹੋਣਗੇ। ਮੈਂ ਸੋਚਿਆ; ਮੈਨੂੰ ਉਥੋਂ ਵਾਕਈ ਛੇਤੀ ਛੇਤੀ ਖਿਸਕ ਜਾਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਹੁਣ ਪੁਲੀਸ ਆ ਜਾਵੇ ਤੇ ਮੈਨੂੰ ਫੜ ਲਵੇ ਤੇ ਆਖੇ ਕਿ ਸਾਨੂੰ ਕੋਈ ਚਸ਼ਮਦੀਦ ਗਵਾਹ ਚਾਹੀਦਾ ਹੈ "ਤੂੰ ਘਟਨਾ ਵਾਲੇ ਥਾਂ ਦੇ ਬਿਲਕੁਲ ਲਾਗੇ ਸੈਂ। ਸਾਡੇ ਨਾਲ ਪੁਲੀਸ ਸਟੇਸ਼ਨ ਚੱਲ ਤੇ ਸੱਚੇ ਸੱਚੇ ਬਿਆਨ ਦੇਹ।"

ਉਸ ਥਾਂ ਤੋਂ ਹੁਣ ਮੈਂ ਕਾਫੀ ਦੂਰ ਚਲਾ ਗਿਆ ਸਾਂ। ਪੁਲੀਸ ਦੀਆਂ ਕਾਰਾਂ ਦੇ ਹੂਟਰ ਵੱਜ ਰਹੇ ਸਨ। ਉਥੇ ਅਵੱਸ਼ ਕੋਈ ਗੰਭੀਰ ਦੁਰਘਟਨਾ ਵਾਪਰ ਗਈ ਹੋਵੇਗੀ।

ਇਹਨਾਂ ਅੱਧ-ਹਨੇਰੀਆਂ ਗਲੀਆਂ ਵਿਚ ਕੁਝ ਵੀ ਹੋ ਸਕਦਾ ਸੀ। ਕਤਲ ਹੋ ਸਕਦਾ ਸੀ। ਖੋਹ-ਖਿੰਝ ਹੋ ਸਕਦੀ ਸੀ। ਮਾਰ-ਕੁਟਾਈ ਹੋ ਸਕਦੀ ਸੀ। ਮੈਂ ਚੋਰ ਅੱਖਾਂ ਨਾਲ ਗਲੀਆਂ ਦੇ ਕੋਨਿਆਂ ਵੱਲ ਧਿਆਨ ਨਾਲ ਵੇਖ ਰਿਹਾ ਸਾਂ ਮਤੇ ਕੋਈ ਛੁਪਿਆ ਹੋਇਆ ਹੋਵੇ ਤੇ ਅਚਾਨਕ ਹਮਲਾ ਕਰ ਦੇਵੇ। ਵੱਡੀਆਂ ਸ਼ਿਵਰਲਿਟ ਕਾਰਾਂ ਸ਼ੂਕਦੀਆਂ ਜਾ ਰਹੀਆਂ ਸਨ। ਕੋਈ ਪੈਦਲ ਤਾਂ ਟੁਰ ਹੀ ਨਹੀਂ ਸੀ ਰਿਹਾ — ਫਿਰ ਏਡੀ ਰਾਤ ਬੀਤੇ? ਟੁਰਨਾ ਤਾਂ ਖਤਰੇ ਤੋਂ ਖਾਲੀ ਹੋ ਹੀ ਨਹੀਂ ਸਕਦਾ ਏਸ ਸਮੇਂ। ਮੈਂ ਸੋਚਿਆ ਬੜੀ ਮੂਰਖਤਾ ਕੀਤੀ ਊ। ਮੈਨੂੰ ਆਪਣੇ ਮੇਜ਼ਬਾਨ ਦਾ ਆਖਾ ਮੰਨ ਲੈਣਾ ਚਾਹੀਦਾ ਸੀ ਤੇ ਏਡੀ ਦੇਰ ਨਹੀਂ ਸੀ ਕਰਨੀ ਚਾਹੀਦੀ। ਹੋ ਸਕਦੈ ਇਨ੍ਹਾਂ ਸ਼ੂਕਦੀਆਂ ਸ਼ਿਵਰਲੇਟ ਕਾਰਾਂ ਵਿਚੋਂ ਕੋਈ ਅਜਿਹੀ ਕਾਰ ਵੀ ਹੋਵੇ ਜਿਸ ਵਿਚ 'ਕੂ ਕਲਕਸ ਕਲੈਨ' ਦੇ ਮੁੰਡੇ ਬੈਠੇ ਹੋਣ। ਮੈਨੂੰ ਵੇਖਦਿਆਂ ਹੀ ਉਹ ਰੁਕ ਸਕਦੇ ਹਨ ਤੇ ਮੈਨੂੰ ਮਾਰ ਸਕਦੇ ਹਨ। ਮੇਰਾ ਬਟੂਆ ਖੋਹ ਕੇ ਨੱਸ ਸਕਦੇ ਹਨ। ਉਸ ਬਟੂਏ ਵਿਚ ਪੈਸੇ ਵੀ ਹਨ ਤੇ ਮੇਰੀ ਸ਼ਨਾਖਤ ਦੀਆਂ ਚੀਜ਼ਾਂ ਵੀ, ਜਿਵੇਂ ਡਰਾਈਵਿੰਗ ਲਾਈਸੰਸ, ਬਾਰਕਲੇ ਕਾਰਡ ਤੇ ਅਮੇਰੇਕਿਨ ਐਕਸਪਰੇਸ ਆਦਿ। ਬਿਨਾਂ ਸ਼ਨਾਖਤ ਤੋਂ ਕੀ ਪਤਾ ਲੱਗੂ ਕਿ ਕਿਸ ਦੀ ਲਾਸ਼ ਹੈ। ਬਸ ਏਨੀ ਕੁ ਹੀ ਖਬਰ ਹੋਵੇਗੀ ਕਿ ਇਕ ਇੰਡੀਅਨ ਦਿਸਦਾ ਬੰਦਾ ਕਿਸੇ ਰਾਹਜਾਨ ਨੇ ਕਤਲ ਕਰ ਦਿੱਤੈ। ਪਿਛਾਂਹ ਲੰਡਨ 'ਚ ਮੇਰੀ ਪਤਨੀ ਤੇ ਬੱਚਿਆਂ ਨੂੰ ਕਿੰਝ ਪਤਾ ਲੱਗੂ? ਵਾਹ ਕਿਆ ਅੰਤ ਹੈ। ਕਿਥੇ ਜੰਮੇ, ਕਿਥੇ ਪਲੇ, ਕਿਹੜੇ ਦੇਸ਼ ਵਿਚ ਰੋਟੀ ਦੀ ਤਲਾਸ਼ ਕਰਦੇ ਫਿਰੇ ਤੇ ਕਿਥੇ ਮਰੇ? ਫਿਰ ਸ਼ਨਾਖਤ ਦਾ ਮਸਲਾ —। ਇਹ ਸਭ ਕੁਝ ਸੋਚ ਕੇ ਮੈਂ ਕੰਬ ਜਿਹਾ ਗਿਆ।

ਮੈਂ ਪਿਛਾਂਹ ਪਰਤਕੇ ਵੇਖਿਆ। ਇਕ ਗੋਰਾ ਬੰਦਾ ਪੋਲੇ ਪੋਲੇ ਕਦਮੀ ਮੇਰੇ ਪਿਛੇ ਪਿਛੇ ਟੁਰਿਆ ਆ ਰਿਹਾ ਸੀ। ਮੈਂ ਸੋਚਿਆ—ਬਸ ਮਾਰੇ ਗਏ। ਇਹ ਜ਼ਰੂਰ ਕੋਈ ਨਸਲਵਾਦੀ ਬੰਦਾ ਹੋਵੇਗਾ। ਇੰਗਲੈਂਡ ਵਿਚ ਨੈਸ਼ਨਲ ਫਰੰਟ ਤੇ ਇਥੇ ਕੂ ਕਲਕਸ ਕਲੈਨ। ਬਸ ਹੁਣੇ ਹੀ ਇਹ ਝਪਟ ਕੇ ਪਵੇਗਾ ਤੇ ਚਾਕੂ ਜਾਂ ਪਿਸਤੌਲ ਦੀ ਵਰਤੋਂ ਕਰੇਗਾ। ਟਾਈਮਜ਼ ਸੁਕੇਅਰ ਤੇ ਰੇਲ ਗੱਡੀ ਵਿਚ ਮੈਨੂੰ ਨੀਗਰੋਆਂ ਤੋਂ ਡਰ ਲੱਗ ਰਿਹਾ ਸੀ, ਪਰ ਉਨ੍ਹਾਂ ਤੋਂ ਨਸਲਵਾਦ ਦੀ ਬੂਅ ਨਹੀਂ ਸੀ ਆਉਂਦੀ ਬਸ ਏਨਾ ਕੁ ਡਰ ਸੀ ਕਿ ਪੈਸੇ ਖੋਹ ਲੈਣਗੇ। ਪੈਸੇ ਖੋਹਣ ਦੌਰਾਨ ਤਸ਼ੱਦਦ ਵੀ ਵਰਤਣਗੇ, ਆਦਿ, ਇਹ ਚਿੱਟਾ ਆਦਮੀ — ਮੈਂ ਸੋਚਿਆ — ਮੈਨੂੰ ਜ਼ਰੂਰ ਕੋਈ ਚਾਕੂ ਵਗੈਰਾ ਕੋਲ ਰੱਖਣਾ ਚਾਹੀਦਾ ਸੀ। ਬਲਕਿ ਹਰ ਰੰਗਦਾਰ ਬੰਦੇ ਨੂੰ ਹੀ ਆਪਣੀ ਸੁਰੱਖਿਅਤਾ ਲਈ ਹਥਿਆਰਬੰਦ ਰਹਿਣਾ ਚਾਹੀਦਾ ਹੈ। ਅੱਜ ਕੱਲ੍ਹ

ਬਾਕੀ ਪੰਨਾ 14 ਤੇ


INCOME TAX
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

ਪੰਨਾ 13 ਦੀ ਬਾਕੀ)

ਜ਼ਮਾਨਾ ਗਾਂਧੀਵਾਦ ਤੇ ਲੂਥਰਕਿੰਗਵਾਦ ਦਾ ਨਹੀਂ। ਇੱਟ ਦਾ ਜਵਾਬ ਪੱਥਰ ਨਾਲ ਹੀ ਦੇਣਾ ਪਵੇਗਾ। ਹੱਕ ਪਲੇਟ ਉਤੇ ਧਰੇ ਧਰਾਏ ਨਹੀਂ ਮਿਲਦੇ — ਖੋਹਣੇ ਪੈਂਦੇ ਹਨ।

ਭਾਵੇਂ ਮੇਰੇ ਮੇਜ਼ਬਾਨ ਦਾ ਫਲੈਟ ਬਹੁਤੀ ਦੂਰ ਨਹੀਂ ਸੀ ਰਹਿ ਗਿਆ, ਪਰ ਡਰ ਅਤੇ ਸਹਿਮ ਕਾਰਨ ਜਿਵੇਂ ਟੁਰਿਆ ਹੀ ਨਹੀਂ ਸੀ ਜਾ ਰਿਹਾ। ਉਤੋਂ ਗਜ਼ਬ ਇਹ ਹੈ ਕਿ ਉਹ ਚਿੱਟਾ ਆਦਮੀ ਜਿੰਨਾ ਕੁ ਤੇਜ਼ ਜਾਂ ਹੌਲੀ ਮੈਂ ਹੁੰਦਾ ਸਾਂ, ਉਨਾ ਹੀ ਉਹ ਹੋ ਜਾਂਦਾ ਸੀ। ਇਕ ਅਜੀਬ ਸਥਿਤੀ ਪੈਦਾ ਹੋ ਗਈ ਸੀ। ਮੈਂ ਡਰਦਾ ਹੋਇਆ ਵੀ ਡਰ ਜ਼ਾਹਰ ਨਹੀਂ ਸੀ ਕਰਨਾ ਚਾਹੁੰਦਾ। ਸੱਪ ਤੋਂ ਡਰੋਂ ਤਾਂ ਉਹ ਡੰਗ ਮਾਰੇਗਾ ਮੈਂ ਆਪਣੇ ਆਪ ਨੂੰ ਏਸ ਗੱਲੋਂ ਕੋਸ ਰਿਹਾ ਸਾਂ ਕਿ ਮੈਂ ਡਰ ਕਿਉਂ ਰਿਹਾ ਸਾ? ਇਹ ਪੰਜਾਬੀਆਂ ਵਾਲੀ ਗੱਲ ਨਹੀਂ ਸੀ। ਇਹ ਗੁਰੂਆਂ ਦੀ ਸਿਖਿਆ ਤੋਂ ਉਲਟ ਸੀ। ਗੁਰੂ ਗੋਬਿੰਦ ਸਿੰਘ ਦਾ ਪ੍ਰਸੰਸਕ ਕਾਇਰ ਨਹੀਂ ਹੋ ਗੁਜ਼ਰੇਗਾ। ਬਸ ਇਝ ਸੋਚਦਿਆਂ ਹੀ ਦਿਲ ਦਾ ਕਾਂਬਾ ਹਟ ਗਿਆ। ਡਰ ਨਾਲ ਠੰਡੇ ਹੋ ਗਏ ਖੂਨ ਦੀ ਗਤੀ ਵਧ ਗਈ ਤੇ ਮੈਂ ਰੁਕ ਗਿਆ ਤੇ ਪਿਛਾਂਹ ਆਉਂਦੇ ਚਿੱਟੇ ਬੰਦੇ ਵੱਲ ਮੂੰਹ ਕਰਕੇ ਉਹਦੀ ਉਡੀਕ ਕਰਨ ਲੱਗਾ। ਉਹ ਬੰਦਾ ਦੋ ਕੁ ਕਦਮ ਹੋਰ ਪੁਟਕੇ ਝਿਜਕਦਾ ਝਿਜਕਦਾ ਰੁਕ ਗਿਆ। ਇਹ ਸੰਖੇਪ ਜਿਹਾ ਪਲ ਦੁਪਾਸੀਂ ਸ਼ੰਕੇ ਵਾਲਾ ਸੀ। ਫਿਰ ਮੈਂ ਇਕ ਕਦਮ ਪੁਟਿਆ ਤੇ ਫਿਰ ਉਸਨੇ ਤੇ ਅਸੀਂ ਇਕ ਦੂਜੇ ਦੇ ਆਹਮੋ ਸਾਹਮਣੇ ਖਲੋ ਗਏ।

"ਹੈ.. ਲੋ" ਉਸਨੇ ਖੁਸ਼ਕ ਹੋ ਚੁੱਕੇ ਗਲੇ ਚੋਂ ਮਸਾਂ ਆਖਿਆ।

"ਹੈਲੋ", ਮੈਂ ਉਤਰ ਦਿਤਾ ਤੇ ਭਾਂਪ ਲਿਆ ਕਿ ਬੰਦਾ ਮੇਰੇ ਵਰਗਾ ਹੀ ਹੈ। ਜਿੰਨਾ ਮੈਂ ਡਰ ਰਿਹਾ ਸਾਂ — ਉਨਾ ਹੀ ਉਹ ਮੈਥੋਂ ਡਰ ਰਿਹਾ ਸੀ।

"ਮੇਰਾ ਨਾ ਸਟੈਨਲੋਅ ਹੈ" ਉਸਨੇ ਮੇਰੇ ਵੱਲ ਹੱਥ ਵਧਾਂਦਿਆਂ ਕਿਹਾ, "ਮੈਂ ਲੰਡਨ ਤੋਂ ਹਾਂ। ਹਫਤੇ ਕੁ ਲਈ ਆਇਆ। ਰਾਹ ਭੁਲ ਗਿਆ ਸਾਂ।"

ਮੈਂ ਖੁਲ੍ਹ ਕੇ ਹੱਸਿਆ, " ਕਮਾਲ ਹੈ। ਮੈਂ ਵੀ ਲੰਡਨ ਤੋਂ ਹਾਂ। ਰਾਹ ਨਹੀਂ ਸਾਂ ਭੁੱਲਿਆ। ਨਿਊਯਾਰਕ ਦੇ ਦਹਿਲ ਕਾਰਨ ਪਸੀਨੋ-ਪਸੀਨਾ ਹੋ ਰਿਹਾ ਸਾਂ। ਮੈਂ ਸੋਚਿਆ ਕਿ ਤੂੰ ਕੋਈ ਨਸਲਪ੍ਰਸਤ ਹੋਣਾ ਜਾਂ ਕੂ ਕਲਕਸ ਕਲੈਨ ਦਾ ਮੈਂਬਰ ਤੇ ਮੇਰੇ ਉਤੇ ਹਮਲਾ ਕਰਨ ਲੱਗੇਂ।"

"ਤੂੰ ਵਿਸ਼ਵਾਸ਼ ਨਹੀਂ ਕਰਨਾ", ਉਸ ਨੇ ਵੀ ਹਸਦਿਆਂ ਕਿਹਾ, "ਮੈਂ ਸੋਚ ਰਿਹਾ ਸਾਂ ਕਿ ਬੰਦਾ ਕੋਈ ਪੁਰਤੋਗੀਕਰਨ ਜਾਂ ਮੈਕਸੀਕਨ ਜਾਂ ਕੋਈ ਹੋਰ ਰੰਗਦਾਰ ਲਗਦੈ। ਹੋ ਸਕਦੈ ਇਹਨੂੰ ਚਿੱਟੇ ਬੰਦਿਆਂ ਨੂੰ ਸਿੱਧੇ ਕਰਨ ਦਾ ਝੱਲ ਹੋਵੇ ਤੇ ਮੇਰੇ ਉਤੇ ਹਮਲਾ ਕਰ ਦੇਵੇ। ਸੋਚਿਆ ਕਿ ਹੋ ਸਕਦੈ ਇਹਦੇ ਕੋਲ ਚਾਕੂ ਜਾਂ ਪਿਸਤੌਲ ਹੋਵੇ, ਪਰ ਮੇਰੇ ਕੋਲ ਤਾਂ ਅਜਿਹਾ ਕੁਝ ਵੀ ਨਹੀਂ। ਮੈਂ ਟੁਰਿਆ ਆਉਂਦਾ ਨੀਗਰੋ ਲੋਕਾਂ ਤੋਂ ਤਾਂ ਡਰਦਾ ਹੀ ਸਾਂ, ਕਿਉਂਕਿ ਚਿੱਟੇ ਲੋਕਾਂ ਨੇ ਉਨ੍ਹਾਂ ਉਤੇ ਬਥੇਰੇ ਜ਼ੁਲਮ ਢਾਏ ਸਨ। ਉਥੋਂ ਤਾਂ ਬਚ ਆਇਆ, ਪਰ ਅਗੋਂ ਤੂੰ ਮਿਲ ਪਿਆ। ਮੇਰੀ ਤਾਂ ਜਾਨ ਹੀ ਨਿਕਲ ਗਈ ਸੀ। ਮੈਂ ਸਿਰਫ ਤੇਰੇ ਪਿਛੇ ਪਿਛੇ ਇਸ ਵਾਸਤੇ ਆ ਰਿਹਾ ਸਾਂ ਕਿ ਮੈਂ ਇਕ ਤਾਂ ਰਾਹ ਭੁੱਲ ਗਿਆ ਸਾਂ ਤੇ ਦੂਜੇ ਮੈਨੂੰ ਇਝ ਵੀ ਲਗਦਾ ਸੀ ਕਿ ਮੇਰੇ ਮੇਜ਼ਬਾਨਾਂ ਦਾ ਘਰ, ਜਿਧਰ ਤੂੰ ਜਾ ਰਿਹਾ ਸੈਂ, ਉਧਰੇ ਹੀ ਸੀ ਕਿਧਰੇ। ਨਾਲੇ ਮੈਂ ਸੋਚਦਾ ਸਾਂ ਕਿ ਤੈਨੂੰ ਰਾਹ ਪੁੱਛ ਲੈਂਦਾ ਪਰ ਫਿਰ ਸੋਚਿਆ ਕਿ ਇਹ ਤਾਂ ਖਤਰਾ ਮੁੱਲ ਲੈਣ ਵਾਲੀ ਗੱਲ ਹੈ।"

"ਕਿੱਥੇ ਜਾਣਾ?"

"ਰੈਕਸ ਐਵੇਨਿਊ ਦੇ ਛੇਵੇਂ ਬਲਾਕ 'ਚ।"

"ਇਹ ਵੀ ਇਤਫਾਕ ਦੀ ਹੀ ਗੱਲ ਹੈ।" ਮੈਂ ਠਹਾਕਾ ਮਾਰ ਕੇ ਇਝ ਹੱਸਿਆ ਜਿਵੇਂ ਕੋਈ ਚਿਰੀਂ ਵਿਛੁੰਨਾ ਮਿਤਰ ਮਿਲ ਪਿਆ ਹੋਵੇ, "ਮੈਂ ਵੀ ਉਥੇ ਹੀ ਜਾਣਾ, ਪਰ ਪੰਜਵੇਂ ਬਲਾਕ ਵਿਚ।"

.... ਤੇ ਅਸੀਂ ਨਾਲ ਨਾਲ ਟੁਰਦੇ ਹੋਏ ਲੰਡਨ ਦੀਆਂ ਗੱਲਾਂ ਕਰਨ ਲੱਗੇ। ਸਾਡੇ ਅੰਦਰਲਾ ਡਰਿਆ ਹੋਇਆ ਮਨੁੱਖ ਹੁਣ ਅਲੋਪ ਹੋ ਚੁੱਕਾ ਸੀ।

# ਸਾਥੀ ਗੁਰਨਾਮ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ

ਵੈਨਕੂਵਰ — ਸਾਥੀ ਗੁਰਨਾਮ ਸਿੰਘ ਧਾਲੀਵਾਲ ਜੋ ਕਿ ਪਿਛਲੇ ਦਿਨੀ ਵਿਨੀਪੈਗ ਵਿਚ ਟੈਕਸੀ ਚਲਾਉਂਦੇ ਹੋਏ ਭੇਦ ਭਰੀ ਹਾਲਤ ਵਿਚ ਕਤਲ ਕਰ ਦਿੱਤੇ ਗਏ ਸਨ, ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ, ਵਿਨੀਪੈਗ ਦੇ ਮੋਢੀ ਆਗੂ ਸਨ।

ਸਾਥੀ ਗੁਰਨਾਮ ਸਿੰਘ ਨੇ ਭਾਰਤ ਦੀ ਏਕਤਾ - ਅਖੰਡਤਾ ਦੇ ਲਈ ਵੱਖਵਾਦੀਆਂ ਵਿਰੁੱਧ ਦ੍ਰਿੜਤਾ ਨਾਲ ਸਟੈਂਡ ਲਿਆ।

ਉਨ੍ਹਾਂ ਦੇ ਦੁਖਦਾਈ ਕਤਲ ਉਪਰ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ, ਵੈਨਕੂਵਰ ਨੇ ਇਕ ਬਿਆਨ ਵਿਚ ਡੂੰਘੇ ਦੁੱਖ ਦਾ ਪ੍ਰਗਟਾ ਕੀਤਾ ਹੈ। ਐਸੋ: ਨੇ ਮੰਗ ਕੀਤੀ ਹੈ ਕਿ ਵਿਨੀਪੈਗ ਦੀ ਪੁਲੀਸ ਕਾਤਲਾਂ ਨੂੰ ਫੜਨ ਲਈ ਤੁਰੰਤ ਕਦਮ ਚੁੱਕੇ। ਐਸੋ: ਸਾਥੀ ਦੇ ਪਰਵਾਰ ਨਾਲ, ਉਨ੍ਹਾਂ ਦਾ ਵਡੇ ਭਰਾ ਸਾਥੀ ਮਹਿਮਾਂ ਸਿੰਘ ਅਤੇ ਸਾਥੀ ਰਾਜਿੰਦਰ ਸਿੰਘ ਧਾਲੀਵਾਲ ਦੇ ਪ੍ਰਵਾਰ ਨਾਲ ਦਿਲੋਂ ਹਮਦਰਦੀ ਪਰਗਟ ਕਰਦੀ ਹੈ।

ਵੈਨਕੂਵਰ — ਲੋਕ ਕਲਾ ਕੇਂਦਰ ਵੈਨਕੂਵਰ ਸ੍ਰੀ ਗੁਰਨਾਮ ਸਿੰਘ ਧਾਲੀਵਾਲ ਦੀ ਬੇਵਕਤ ਮ੍ਰਿਤੂ ਉਪਰ ਡੂੰਘੇ ਦੁਖ ਦਾ ਪਰਗਟਾ ਕਰਦੀ ਹੈ। ਕੈਨੇਡਾ ਦਰਪਣ ਨਾਲ ਗਲਬਾਤ ਕਰਦਿਆਂ ਲੋਕ ਕਲਾ ਕੇਂਦਰ ਵੈਨਕੂਵਰ ਦੇ ਸਕੱਤਰ ਅਮਰਜੀਤ ਸਿੰਘ ਚੱਠਾ ਨੇ ਕਿਹਾ ਹੈ, ਸ੍ਰੀ ਗੁਰਨਾਮ ਸਿੰਘ ਨੇ ਵਿੰਨੀਪੈਗ ਵਿਚ ਸਭਿਆਚਾਰਕ ਸਰਗਰਮੀਆਂ ਵਿਚ ਅਗੇ ਹੋ ਕੇ ਸਹਿਯੋਗ ਦਿਤਾ। ਵਿਨੀਪੈਗ ਵਿਚ ਸਭਿਆਚਾਰਕ ਸਰਗਰਮੀਆਂ ਨੂੰ ਭਾਰਤੀ ਕਮਿਊਨਿਟੀ ਵਿਚ ਆਰੰਭ ਕਰਨਾ ਉਨ੍ਹਾਂ ਦੀ ਹਿੰਮਤ ਸੀ, ਅਸੀਂ ਵਿਸ਼ਵਾਸ਼ ਰਖਦੇ ਹਾਂ ਕਿ ਸ੍ਰੀ ਗੁਰਨਾਮ ਸਿੰਘ ਧਾਲੀਵਾਲ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਸਭਿਆਚਾਰਕ ਖੇਤਰ ਵਿਚ ਆਰੰਭ ਕਾਇਮ ਨੂੰ ਜਾਰੀ ਰਖ ਕੇ ਹੀ ਭੇਂਟ ਕੀਤੀ ਜਾ ਸਕਦੀ ਹੈ। ਅਸੀਂ ਸ੍ਰੀ ਧਾਲੀਵਾਲ ਦੇ ਪਰਵਾਰ ਨਾਲ ਦਿਲੋਂ ਹਮਦਰਦੀ ਭੇਂਟ ਕਰਦੇ ਹੋਏ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹਾਂ।

- ਦੱਖਣੀ ਅਫਰੀਕੀ ਨਸਲਵਾਦੀ ਸਰਕਾਰ ਨੇ 33 ਵਿਅਕਤੀਆਂ ਨੂੰ ਗੁਰੀਲਾ ਕਾਰਵਾਈਆਂ ਕਰਨ ਕਰਕੇ ਫਾਂਸੀ ਲਾਇਆ।

# ਪੰਜਾਬੀ ਕਵੀ —ਹਰਕੇਵਲ ਸਿੰਘ ਕੇਵਲ

(ਪ੍ਰਸਿੱਧ ਪੰਜਾਬੀ ਕਵੀ ਹਰਕੇਵਲ ਸਿੰਘ ਕੇਵਲ ਅੱਜ ਕਲ੍ਹ ਵੈਨਕੂਵਰ ਵਿਚ ਆਏ ਹੋਏ ਹਨ। ਉਹ ਕਈ ਪੰਜਾਬੀ ਪੁਸਤਕਾਂ ਦੇ ਰਚੇਤਾ ਹਨ ਜਿਨ੍ਹਾਂ ਵਿਚ 'ਪੱਥਰ ਦੇ ਫੁੱਲ' ਪੁਸਤਕ ਬਹੁਤ ਮਕਬੂਲ ਹੋਈ ਸੀ। ਆਪ ਪਹਿਲਾਂ ਇੰਗਲੈਂਡ ਵਿਚ ਕਾਫੀ ਸਮਾਂ ਰਹੇ ਹਨ ਤੇ ਲੋਕ-ਘੋਲਾਂ ਵਿਚ ਸ਼ਾਮਲ ਹੁੰਦੇ ਰਹੇ ਹਨ। ਇਸ ਪੁਸਤਕ ਦੀ ਭੂਮਿਕਾ ਪ੍ਰਸਿੱਧ ਕਵੀ ਬਾਵਾ ਬਲਵੰਤ ਜੀ ਨੇ ਲਿਖੀ ਸੀ ਤੇ ਕਿਹਾ ਸੀ ਕਿ ਕੇਵਲ ਕੌਮਾਂਤਰੀ ਵਿਚਾਰਾਂ ਵਾਲਾ ਦਵੰਦਵਾਦੀ ਕਵੀ ਹੈ। ਉਸਨੂੰ ਮਨੁੱਖ ਮਾਤਰ ਨਾਲ, ਸੱਚਾਈ, ਇਨਸਾਫ, ਇਨਸਾਨੀਅਤ ਅਤੇ ਕਲਾ ਨਾਲ ਪਿਆਰ ਹੈ ਅਸੀਂ ਆਉਂਦੇ ਅੰਕਾਂ ਵਿਚ ਉਨ੍ਹਾਂ ਬਾਰੇ ਹੋਰ ਵਾਕਫੀ ਭਰਪੂਰ ਲੇਖ ਛਾਪਾਂਗੇ — ਸੰਪਾਦਕ)



## ਗ਼ਜ਼ਲ

ਸਾਰ ਮੈਨੂੰ ਆਪਣੀ ਨਾ ਜੱਗ ਦੀ,
ਸੋਚ ਮੈਨੂੰ ਫੇਰ ਵੀ ਹੈ ਠੱਗਦੀ।

ਇਸ ਤਰ੍ਹਾਂ ਸਭ ਕੁਝ ਪਰਾਇਆ ਹੋ ਗਿਆ,
ਜ਼ਿੰਦਗੀ ਵੀ ਆਪਣੀ ਨਾ ਲੱਗਦੀ!

ਠੀਕ ਹੈ ਬਿਨ ਤੇਲ ਵੀ ਮੁਮਕਿਨ ਨਹੀਂ,
ਜੋਤ ਭਾਵੇਂ ਜੋਤ ਤੋਂ ਹੈ ਜਗਦੀ।

ਜਿਸ ਨੂੰ ਵੀ ਈਮਾਨ ਆਪਣਾ ਸੌਂਪਿਆ,
ਜੋਕ ਬਣ ਕੇ ਚੰਬੜੀ ਸ਼ਾਹ-ਰਗ ਦੀ!

ਨਜ਼ਰ ਤੇਰੀ ਹੀ ਤਾਂ ਇਸ ਨੂੰ ਠਾਰਦੀ,
ਅੱਗ ਜੋ ਸੀਨੇ 'ਚ ਮੇਰੇ ਦੱਘਦੀ!

ਸਾੜ ਕੇ ਫੁੱਲਾਂ ਨੂੰ ਜਾਏਗੀ ਜ਼ਰੂਰ,
ਬਾਗ਼ ਵਿਚ ਜਿਹੜਾ ਹਵਾ ਹੈ ਵੱਗਦੀ!

## ਬਨਵਾਸ

ਮੈਂ ਬਨਵਾਸੀ ਰਾਮ
ਕੱਟ ਰਿਹਾਂ ਆਪਣਾ ਬਨਵਾਸ!
ਇਹ ਬਨਵਾਸ ਨਾ ਕਿਧਰੋਂ ਮਿਲਿਆ
ਨਾ ਕੋਈ ਪਿਛਲੇ ਜਨਮ ਦਾ ਪਾਪ!
ਨਾ ਹੀ ਇਹ ਕਕੱਈ ਮਾਂ ਦੇ
ਹੈ ਕਿਸੇ ਵਰ ਦਾ ਪਰਤਾਪ!
ਨਾ ਹੀ ਪਿਤਾ ਦਸ਼ਰਥ ਨੂੰ ਮਿਲਿਆ
ਸਰਵਣ ਬਦਲੇ ਕੋਈ ਸਰਾਪ!
ਇਹ ਬਨਵਾਸ ਮੇਰੇ ਢਿੱਡੋਂ ਜੰਮਿਆਂ
ਮੈਂ ਹੀ ਮਾਂ ਤੇ ਮੈਂ ਹੀ ਬਾਪ!

ਸੋਲਾਂ ਵਰ੍ਹੇ ਭੋਰੇ ਵਿਚ ਕੱਟ ਕੇ
ਜਿਸ ਵੇਲੇ ਮੈਂ ਬਾਹਰ ਆਇਆ!
ਮਜਬੂਰੀ ਨੇ ਲੂਣਾਂ ਵਾਂਗੂੰ
ਚੁਗਿਰਦੇ ਤ੍ਰਿਆ ਜਾਲ ਵਿਛਾਇਆ!
ਉੱਚੀਆਂ ਉੱਚੀਆਂ ਗ਼ਮ ਦੀਆਂ ਥੋਰ੍ਹਾਂ
ਜਿਨ੍ਹਾਂ ਦਾ ਮੈਥੋਂ ਲੰਮਾ ਸਾਇਆ
ਸੂਲਾਂ ਦੇ ਇਸ ਝੁਰਮਟ ਵਿਚੋਂ
ਬਨਵਾਸ ਦਾ ਰਾਹ ਹੀ ਨਜ਼ਰੀਂ ਆਇਆ

ਢਿੱਡੋਂ ਭੁੱਖਾ ਤਨ ਤੋਂ ਨੰਗਾ
ਜਿਸ ਵੇਲੇ ਬਨਵਾਸ ਲਈ ਤੁਰਿਆ
ਇਕ ਖੁਸ਼ੀ, ਇਕ ਪੀੜ 'ਚ ਰੱਤਾ
ਮਾਂ ਮੇਰੀ ਇਉਂ ਹਾਉਕਾ ਭਰਿਆ
ਜਿਉਂ ਟਾਹਣੀ ਤੋਂ ਪੱਤਾ ਟੁਟਿਆ
ਪਾਣੀ ਦਾ ਇਕ ਟੇਪਾ ਕਿਰਿਆ
ਇਕ ਅੱਤ ਮਜਬੂਰੀ ਕਾਰਨ
ਪਿਤਾ ਨੇ ਇਹ ਵਿਛੋੜਾ ਜਰਿਆ

ਮੇਰੀ ਅਯੁੱਧਿਆ ਦਾ ਹਰ ਵਾਸੀ,
ਭੋਗਣ ਆਇਆ ਜੂਨ ਚੁਰਾਸੀ
ਹਰ ਚੇਹਰੇ 'ਤੇ ਛਾਈ ਉਦਾਸੀ
ਹਰ ਕੋਈ ਹੋਣਾ ਚਾਹੇ ਬਨਵਾਸੀ
ਸਮਝਣ ਸ਼ਾਇਦ ਬਨਵਾਸੀ ਹੋ ਕੇ
ਦੁਖਾਂ ਗ਼ਮਾਂ ਤੋਂ ਹੋਏ ਖੁਲਾਸੀ
ਪਰ, ਬਿਨ ਦੇਖੇ ਜੋ ਕਰਨ ਭਰੋਸਾ
ਉਹ ਹਨ ਵੱਡੇ ਅੰਧ-ਵਿਸ਼ਵਾਸੀ!

ਯੁਗ ਵਸਦੇ ਇਸ ਜੰਗਲ ਵਿਚ
ਮੈਂ ਇਕੱਲਾ ਭਟਕ ਰਿਹਾ ਹਾਂ!
ਫ਼ੈਕਟਰੀ ਅਤੇ ਕੁੱਲੀ ਵਿਚਾਲੇ,
ਇਸ ਤਰ੍ਹਾਂ ਕੁਝ ਲਟਕ ਰਿਹਾ ਹਾਂ,
ਬਸ ਇਕ ਰੇਤ ਦੇ ਜ਼ੱਰੇ ਵਾਂਗੂੰ
ਵਿਚ ਹਵਾ ਦੇ ਲਟਕ ਰਿਹਾ ਹਾਂ!
ਆਦਮਖੋਰ ਇਹਨਾਂ ਰੁੱਖਾਂ ਦੀਆਂ
ਨਜ਼ਰਾਂ 'ਚ ਫਿਰ ਵੀ ਖਟਕ ਰਿਹਾ ਹਾਂ

ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤੱਕ
ਹੱਡ-ਭੰਨ ਮਿਹਨਤ ਕਰਦਾ ਹਾਂ!
ਫਿਰ ਵੀ ਅਤਿ ਮੁਸ਼ਕਲ ਦੇ ਨਾਲ
ਬੱਚਿਆਂ ਦਾ ਢਿੱਡ ਭਰਦਾ ਹਾਂ!
ਪੱਥਰ ਚੀਰਦੀਆਂ ਤਿੱਖੀਆਂ ਨਜ਼ਰਾਂ
ਦਿਲ ਆਪਣੇ 'ਤੇ ਜਰਦਾ ਹਾਂ!
ਮਾਂ ਬਾਪ ਦੇ ਅਧੂਰੇ ਸੁਪਨੇ
ਫਿਰ ਨੈਣਾਂ ਵਿਚ ਚਿਤਰਦਾ ਹਾਂ!

ਸੋਚਦਾ ਹਾਂ ਕਿ ਗ਼ਮ ਦੀਆਂ ਥੋਰ੍ਹਾਂ
ਏਥੇ ਵੀ ਉੱਗ ਆਈਆਂ!
ਇਹ ਬਨਵਾਸ ਕਦ ਪੂਰਾ ਹੋਣਾ
ਕਲੀਆਂ ਆਸ ਦੀਆਂ ਮੁਰਝਾਈਆਂ
ਸੋਚਦਾ ਹਾਂ ਕਿ ਕਿੰਨੀਆਂ ਉਮਰਾਂ
ਇਸ ਦੀ ਸਰਦਲ ਭੇਟ ਚੜ੍ਹਾਈਆਂ
ਪਰ ਨਾ ਅਜ ਤਕ ਕੋਈ ਦੀਵਾਲੀ
ਡਿੱਠੀ ਇਸ ਬਨਵਾਸ ਦੇ ਰਾਹੀਆਂ!

ਅੱਜ ਸੋਚਾਂ ਜੋ ਮੈਂ ਬਨਵਾਸੀ
ਆਖਰ ਮੇਰਾ ਕੀ ਗੁਨਾਹ ਹੈ?
ਸੂਲਾਂ ਦੇ ਇਸ ਝੁਰਮਟ ਵਿਚੋਂ
ਬਨਵਾਸ ਬਿਨਾਂ ਕੋਈ ਹੋਰ ਵੀ ਰਾਹ ਹੈ?
ਹਾਂ ਹੈ, ਤੇ ਹਰ ਬਨਵਾਸੀ
ਸੋਚ ਵਿਹੂਣਾ ਇਕ ਗੁਮਰਾਹ ਹੈ!
ਹੋਰ ਵੀ ਰਾਹ ਹੈ ਤੇ ਉਹ ਰਾਹ
ਬਸ ਇਕੋ ਸੰਗਰਾਮ ਦਾ ਰਾਹ ਹੈ।

## ਅੱਖੀਆਂ ਭਰ ਭਰ ਆਈਆਂ

ਸਈਓ ਨੀ, ਇਹ ਅਮਨਾਂ ਵਾਲੇ
ਹਾਏ ਨੀ, ਇਹ ਇਲਮਾਂ ਵਾਲੇ
ਹੋ ਗਏ ਸਾਰੇ ਜੰਗ ਮਤਵਾਲੇ
ਤੇ ਅੱਗਾਂ ਆਣ ਮਚਾਈਆਂ
ਇਹ ਅੱਖੀਆਂ ਭਰ ਭਰ ਆਈਆਂ!

ਹਵਨ ਕੁੰਡ ਵਹਿਸ਼ਤ ਦਾ ਤਪਿਆ
ਮਾਣਸ ਰੱਤ ਵਿਚ ਪਵੇ ਅਹੂਤੀ
ਕਾਲੇ ਝੱਖੜ, ਕਾਲੀਆਂ ਨ੍ਹੇਰੀਆਂ
ਵੇਂਹਦਿਆਂ ਹੀ ਚੜ੍ਹ ਆਈਆਂ
ਇਹ ਅੱਖੀਆਂ ਭਰ ਭਰ ਆਈਆ!

ਕੀ ਕੋਈ ਰੋਵੇ, ਕੀ ਕੋਈ ਹੱਸੇ,
ਕਿਸ ਨੂੰ ਭੇਤ ਦਿਲਾਂ ਦੇ ਦੱਸੇ
ਮੋੜ ਲਏ ਮੂੰਹ ਹਰ ਕੋਈ ਏਥੇ
ਦੇ ਕੇ ਚੋਰ ਭੁਲਾਈਆਂ;
ਇਹ ਅੱਖੀਆਂ ਭਰ ਭਰ ਆਈਆ!

ਅਜੇ ਤਾਂ ਤਨ 'ਚੋਂ ਸੇਕ ਨਾ ਮੁੱਕਿਆ
ਅਜੇ ਤਾਂ ਮਨ 'ਚੋਂ ਹੇਜ ਨਾ ਮੁੱਕਿਆ
ਫਿਰ ਵੀ ਮੈਨੂੰ ਦੇ ਗਿਆ ਢੋਲਾ
ਉਮਰਾਂ ਜੇਡ ਜੁਦਾਈਆਂ
ਇਹ ਅੱਖੀਆਂ ਭਰ ਭਰ ਆਈਆ!

ਕਲ੍ਹ ਦੀ ਗੱਲ ਨਾ ਭੁੱਲੀ ਮੈਨੂੰ
ਸਾਲੂ ਮੇਰਾ ਸ਼ਗਨਾਂ ਵਾਲਾ
ਪੌਣ ਪੁਰੇ ਦੀ ਦੋ ਬੁਕ ਮਹਿਕਾਂ
ਝੋਲ ਮੇਰੀ ਵਿਚ ਪਾਈਆਂ
ਇਹ ਅੱਖੀਆਂ ਭਰ ਭਰ ਆਈਆ!

ਚਿੱਟਾ ਹੰਸ ਪ੍ਰੀਤਾਂ ਵਾਲਾ
ਬਸ ਹੰਝੂ ਚੋਗ ਚੁਗਾਵਾਂ
ਫਿਰ ਵੀ ਸਦਾ ਉਡਾਰ ਹੀ ਰਹਿੰਦੈ
ਫਸਿਆ ਜਿਉਂ ਵਿਚ ਫਾਹੀਆਂ
ਇਹ ਅੱਖੀਆਂ ਭਰ ਭਰ ਆਈਆ!

ਸ਼ਿਕਰਾ ਇਕ ਜੁਦਾਈਆਂ ਵਾਲਾ
ਜੋ ਬਸ ਦਿਲ ਦਾ ਮਾਸ ਹੀ ਖਾਵੇ
ਦਿਲ ਵੀ ਖਾ ਲਏ ਤਨ ਵੀ ਖਾ ਲਏ
ਉੱਡ ਗਏ, ਦੇਣ ਨਾ ਛਾਹੀਆਂ
ਇਹ ਅੱਖੀਆਂ ਭਰ ਭਰ ਆਈਆ!

ਸੁਣਿਆ ਸੀ ਕਲ੍ਹ ਜੰਗ ਦੇ ਬੱਦਲ
ਰਾਤੋ ਰਾਤ ਹੀ ਫਟ ਜਾਣੇ ਨੇ,
ਮੌਤ ਦੇ ਹੱਥੋਂ ਲੀਰਾਂ ਸਾਲੂ
ਵਿਚ ਕੁਝ ਗੰਢਾਂ ਪਾਈਆਂ
ਇਹ ਅੱਖੀਆਂ ਭਰ ਭਰ ਆਈਆ!

ਅੱਜ ਫਿਰ ਕੁਝ ਯਾਦਾਂ ਦੀਆਂ ਗਿਰਝਾਂ
ਦਿਲ ਦੇ ਮਾਨਸਰੋਵਰ ਕੰਢੇ
ਆਸਾਂ ਦਾ ਇਕ ਤਾਜ਼ਾ ਮਰਿਆ
ਮੁਰਦਾ ਖਾਵਣ ਆਈਆਂ
ਇਹ ਅੱਖੀਆਂ ਭਰ ਭਰ ਆਈਆਂ!

ਖਾ ਜਾਣ ਦੇ ਜੋ ਕੁਝ ਲਭਦੈ
ਜੀਊਣ ਵਾਲੇ ਤਾਂ ਮਰ ਕੇ ਜੀਉਂਦੇ
ਸਭ ਕੁਝ ਜਾਣੇਂ ਫਿਰ ਕਿਉਂ ਡੋਲੇਂ
ਇਹ ਅੱਖੀਆਂ ਕਿਉਂ ਵਗਾਈਆਂ
ਇਹ ਅੱਖੀਆਂ ਕਿਉਂ ਭਰ ਆਈਆਂ?

ਅਪਣੀ ਅੱਗੀਂ ਆਪ ਹੀ ਸੜਨੈਂ
ਇਹਨਾਂ ਫੂੰਕਾਰੇ ਨਾਗਾਂ ਨੇਂ
ਤੈਂ ਤੇ ਕੇਵਲ ਤੇਲ ਹੀ ਪਾਊਣੈਂ
ਜੋ ਇਹਨਾਂ ਆਪ ਮਚਾਈਆਂ
ਇਹ ਅੱਖੀਆਂ ਕਿਉਂ ਭਰ ਆਈਆ?

## ਗ਼ਜ਼ਲ

ਦਰ ਹਕੀਕਤ ਫੁੱਲ ਨੂੰ, ਅੰਗਿਆਰ ਉਤੇ ਪਰਖਿਆ,
ਦਿਲ ਕਿਸੇ ਮਜ਼ਲੂਮ ਦਾ, ਤਲਵਾਰ ਉਤੇ ਪਰਖਿਆ!

ਹੋਸ਼ ਕਰ ਤੂੰ ਪੰਛੀਆ, ਏਥੇ ਸਦਾ ਆਕਾਸ਼ ਨੇ,
ਬਿਜਲੀਆਂ ਨੂੰ ਏਸ ਹੀ ਗੁਲਜ਼ਾਰ ਉਤੇ ਪਰਖਿਆ!

ਰੱਬ ਬੜਾ ਏ ਮਿਹਰਬਾਂ, ਹੈ ਮੂਰਖਾਂ ਦੀ ਗੱਲ ਇਹ,
ਜਿਸ ਨੇ ਹਰ ਇਕ ਦੁੱਖ ਨੂੰ, ਸੰਸਾਰ ਉਤੇ ਪਰਖਿਆ।

ਇਹ ਆਸ਼ਕਾਂ ਦੀ ਮੌਜ ਹੈ, ਜੋ ਸਦਾ ਕਹਿੰਦੇ ਰਹੇ,
ਉਹ ਭਲਾ ਕੀ ਇਸ਼ਕ ਜੋ ਨਾ ਦਾਰ ਉਤੇ ਪਰਖਿਆ?

'ਕੇਵਲ' ਜ਼ਮਾਨੇ ਦੀ ਕਥਾ, ਬਸ ਹੋਂਦ ਲਈ ਸੰਗਰਾਮ ਹੈ,
ਜਿਸ ਲਈ (ਹਰ) ਹਰਬਾ ਗਿਆ, ਬੇ-ਜ਼ਾਰ ਉਤੇ ਪਰਖਿਆ!

# ਵਿਲੀਅਮਜ਼ਲੇਕ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਸ਼ਹੀਦਾਂ ਦੇ ਸਮਾਗਮ ਦੀ ਕਹਾਣੀ — ਤਸਵੀਰਾਂ ਦੀ ਜ਼ਬਾਨੀ



ਐਲਡਰਮੈਨ ਗੁਰਬਖਸ਼ ਸਿੰਘ ਸੈਣੀ

ਕਾਮਰੇਡ ਭੁੰਗਰਨੀ (ਬੈਠੇ : ਪਿਆਰਾ ਸਿੰਘ ਬਾਸੀ)



ਸੁਰਿੰਦਰ ਧੰਜਲ ਤੇ ਪੰਜਾਬੀ ਲਿਟਰੇਰੀ ਐਸੋ· ਐਡਮਿੰਟਨ ਦਾ ਗਰੁੱਪ



ਕੁਲੈਸ਼ ਤੋਂ ਅਵਤਾਰ ਰੰਡੇ ਦੀ ਧੀ ਭਾਸ਼ਣ ਕਰਦੇ ਸਮੇਂ



ਮੁਹਿੰਦਰ ਸੂਮਲ



ਸਰੋਤਿਆਂ ਦਾ ਇਕ ਦ੍ਰਿਸ਼

## ਕਾਮੇ ਭਰਾਵਾਂ ਤੇ ਭੈਣਾਂ ਨੂੰ ਅਪੀਲ

ਕੇਂਦਰੀ ਸਰਕਾਰ ਦੇ ਰੁਜ਼ਗਾਰ ਮਹਿਕਮੇ ਨੇ 16 ਮਾਰਚ ਤੋਂ ਬਾਦ ਦਿਤੀਆਂ ਅਰਜ਼ੀਆਂ ਵਾਸਤੇ ਕਿਸੇ ਵੀ ਵਿਅਕਤੀ ਉਪਰ ਇਹ ਸ਼ਰਤ ਲਾ ਦਿੱਤੀ ਹੈ ਕਿ ਨਵੇਂ ਰੈਗੂਲੇਸ਼ਨ ਅਨੁਸਾਰ ਉਸਨੂੰ 16 ਹਫਤੇ ਕੰਮ ਕਰਨ ਤੋਂ ਬਾਦ ਹੀ ਬੇਰੁਜ਼ਗਾਰੀ ਭੱਤਾ ਮਿਲੇਗਾ। ਇਸ ਵਾਸਤੇ ਇਕ ਕਮਿਸ਼ਨ ਦੀ ਸਰਵੇ ਰੀਪੋਰਟ ਨੂੰ ਆਧਾਰ ਬਣਾਇਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਫਰੇਜ਼ਰ ਵੈਲੀ ਵਿਚ ਹੁਣ ਰੁਜ਼ਗਾਰ ਦੇ ਸਾਧਨ ਵਧ ਗਏ ਹਨ ਤੇ ਬੇਰੁਜ਼ਗਾਰੀ ਦੀ ਦਰ 11.5 ਪ੍ਰਤੀਸ਼ਤ ਹੋ ਚੁੱਕੀ ਹੈ। ਇਹੋ ਜਿਹਾ ਕੁਝ ਸਰਕਾਰਾਂ ਆਮ ਤੌਰ ਤੇ ਗਰੀਬ ਲੋਕਾਂ ਵਲੋਂ ਲਾਪਰਵਾਹੀ ਦੇ ਵਤੀਰੇ ਦੇ ਸਿੱਟੇ ਵਜੋਂ ਕਰਦੀਆਂ ਹੀ ਹੁੰਦੀਆਂ ਹਨ ਜਦੋਂ ਕਿ ਅਸਲੀਅਤ ਇਹ ਹੈ ਕਿ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਸਰਵੇਖਣ ਅਧੀਨ ਲਿਆ ਜਾਂਦਾ ਹੈ ਜੋ U.I.C. ਦੀ ਲਿਸਟ ਉਪਰ ਹੋਣ ਪਰ ਜਿਨ੍ਹਾਂ ਦੇ ਹਫਤੇ ਮੁਕ ਗਏ ਹੋਣ ਤੇ ਫਿਰ ਕੰਮ ਨਾ ਮਿਲ ਸਕਣ ਤਾਂ ਉਹ ਲੋਕ ਕਿਧਰ ਗਏ, ਵੈਲਫੇਅਰ ਤੇ ਜਾਂ ਹੋਰ ਕੰਮਾਂ ਉਪਰ, ਇਹ ਕੋਈ ਸਪਸ਼ਟ ਨਹੀਂ ਕੀਤਾ ਜਾਂਦਾ। ਇਹ ਸਰਾਸਰ ਧੋਖਾ ਹੈ। ਪਰ ਅਸਲੀ ਗਿਣਤੀ 20 ਤੋਂ 22 ਪ੍ਰਤੀਸ਼ਤ ਹੈ ਜੋ ਕਿ ਸਾਰੇ ਵੈਲਫੇਅਰ ਦੇ ਲੋਕਾਂ ਦੀ ਗਿਣਤੀ ਨੂੰ ਸ਼ਾਮਲ ਕਰਕੇ ਬਣਦੀ ਹੈ।

ਪਿਛਲੇ ਹਫਤੇ ਕਈ ਯੂਨੀਅਨਾਂ ਨੇ ਜੌਰਜੀਆਂ ਸਟਰੀਟ ਤੇ ਬੇਰੁਜ਼ਗਾਰਾਂ ਨੇ ਇਕੱਠੇ ਹੋ ਕੇ ਇਕ ਵਿਖਾਵਾ ਕੀਤਾ। ਉਨ੍ਹਾਂ ਅਨੁਸਾਰ ਇਹ ਪਹਿਲਾ ਠੋਸ ਕਦਮ ਹੈ ਕਿਉਂਕਿ ਦੋ ਕੁ ਦਿਨ 'ਚ ਹੀ 250 ਬੰਦੇ ਤੇ ਔਰਤਾਂ ਤਿਆਰੀ ਕਰਕੇ ਇਸ ਦਫਤਰ ਚਾਰਾਜੋਈ ਲਈ ਪਹੁੰਚ ਗਏ ਅਤੇ ਟਰੇਡ ਯੂਨੀਅਨਾਂ ਵੱਡੇ ਪੱਧਰ ਤੇ ਕੋਈ ਪ੍ਰੋਗਰਾਮ ਨਹੀਂ ਉਲੀਕਦੀਆਂ ਤਾਂ ਮਜ਼ਦੂਰਾਂ ਦੀ ਹਾਲਤ 'ਚ ਕੋਈ ਤਬਦੀਲੀ ਨਹੀਂ ਹੋਣੀ ਕਿਉਂਕਿ ਸਾਡੀ ਕਮਿਊਨਿਟੀ 'ਚ ਬਹੁਗਿਣਤੀ ਕਾਮੇ ਘਰਾਂ ਬਣਾਉਣ ਤੇ ਫਾਰਮਾਂ ਦੇ ਨਾਲ ਸਬੰਧਤ ਹਨ। ਕਾਰਪੇਂਟਰਾਂ ਦੀ ਤੇ ਫਾਰਮਾਂ ਦੀ ਯੂਨੀਅਨ ਦਾ ਇਸ ਵਿਖਾਵੇ ਵਿਚ ਮੁਖ ਸ਼ਮੂਲੀਅਤ ਹੋਣਾ ਹੀ ਇਸ ਗੈਰ ਮਨੁੱਖੀ ਕਦਮ ਦੇ ਸਬੰਧਤ ਖੇਤਰਾਂ ਵਿਚ ਅਸਰ ਨੂੰ ਦਰਸਾਉਂਦੀ ਹੈ।

ਸੋ ਅਸੀਂ ਭਾਰਤੀ ਕਮਿਊਨਿਟੀ ਦੀ ਜਨਤਕ ਜਮਹੂਰੀ ਜਥੇਬੰਦੀ ਹੋਣ ਕਰਕੇ ਆਮ ਲੋਕਾਂ ਤੇ ਖਾਸ ਕਰਕੇ ਮਜ਼ਦੂਰ ਕਿੱਤੇ ਵਾਲੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੇ ਗੈਰ ਜਮਹੂਰੀ ਸਰਕਾਰੀ ਫੈਸਲਿਆਂ ਦੀ ਵਿਰੋਧਤਾ ਇਕਮੁੱਠ ਅਤੇ ਜਥੇਬੰਦ ਹੋ ਕੇ ਹੀ ਕੀਤੀ ਜਾ ਸਕਦੀ ਹੈ। ਨੇੜ ਭਵਿਖ ਵਿਚ ਅਸੀਂ ਸਾਡੇ ਵਲੋਂ ਕਿਸੇ ਵੀ ਹੋਰ ਜਥੇਬੰਦੀ ਵਲੋਂ ਸਾਬਤ ਕਦਮੀ ਨਾਲ ਮਿਥੇ ਪਰੋਗਰਾਮਾਂ ਤੇ ਟੀਚਿਆਂ ਨੂੰ ਪੂਰੀ ਹਿਮਾਇਤ ਦੇਵਾਂਗੇ। ਅਸੀਂ ਦੁਬਾਰਾ ਕਾਮੇ ਭਰਾਵਾਂ ਤੇ ਭੈਣਾਂ ਨੂੰ ਕਹਿੰਦੇ ਹਾਂ ਕਿ ਆਪਣੇ ਹੱਕਾਂ ਲਈ ਇਕਮੁੱਠ ਹੋਵੋ।

**IPANA, VANCOUVER UNITE**

ਹੋਰ ਜਾਣਕਾਰੀ ਲਈ ਫੋਨ ਕਰੋ 420-2972/590-4772

JOBS JOBS JOBS JOBS JOBS

JOBS JOBS JOBS JOBS JOBS

# OPPORTUNITY

$ $ $ $ $ $ $ $ $ $ $ $

EARN

**$400 - $1200/month**

**PART TIME**

**$3000 - $8000/month**

**FULL TIME**

ਮੌਕੇ ਦਾ ਫਾਇਦਾ ਉਠਾਓ !
ਕਮਾਓ

400 ਡਾਲਰ — 1200 ਡਾਲਰ ਪ੍ਰਤੀ ਮਹੀਨਾ (ਪਾਰਟ ਟਾਈਮ ਕੰਮ ਕਰਕੇ)
3000 ਡਾਲਰ — 8000 ਡਾਲਰ ਪ੍ਰਤੀ ਮਹੀਨਾ (ਪੂਰਾ ਸਮਾਂ ਕੰਮ ਕਰਕੇ)

ਤੁਸੀਂ ਪੰਜਾਬੀ, ਅੰਗਰੇਜ਼ੀ, ਹਿੰਦੀ ਜਾਂ ਗੁਜਰਾਤੀ ਇਕ ਬੋਲੀ ਵੀ ਜਾਣਦੇ ਹੋ ਤਾਂ ਫੋਨ ਕਰੋ :

**ਬਲਜੀਤ**
ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ
ਸੋਮਵਾਰ ਤੋਂ ਸ਼ੁਕੱਰਵਾਰ 733-1644 (Bus.)
ਸ਼ਾਮ 6.00 ਵਜੇ ਤੋਂ 9.00 ਵਜੇ ਤੱਕ
438-3462 (Res.)
ਸ਼ਨਿਚਰਵਾਰ, ਐਤਵਾਰ ਜਾਂ ਛੁੱਟੀਆਂ — 1.00 ਵਜੇ ਤੋਂ 5.00 ਵਜੇ ਤੱਕ
438-3462

For more information call :
BALJEET
**9.00 a.m. - 5.00 p.m. Mon. - Fri. 733-1644 (Bus.)**
**6.00 p.m. - 9.00 p.m. at 438-3462 (Res.)**
**Sat., Sun. & Holidays**
**1.00 p.m. to 5.00 p.m. at 438-3462**

JOBS JOBS JOBS JOBS JOBS

JOBS JOBS JOBS JOBS JOBS JOBS

# ਬਾਬਾ ਆਮਟੇ ਨੇ 5-ਮੈਂਬਰੀ ਕਮੇਟੀ ਨਾਲ ਮੁਲਾਕਾਤ ਕੀਤੀ

ਅੰਮ੍ਰਿਤਸਰ — ਬਾਬਾ ਆਮਟੇ ਨੇ 26 ਜਨਵਰੀ ਦੇ ਸਰਬੱਤ ਖਾਲਸਾ ਵਿਚ ਕਾਇਮ ਕੀਤੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਨਾਲ ਇਕ ਘੰਟਾ ਬੰਦ ਕਮਰੇ ਵਿਚ ਗੱਲਬਾਤ ਕੀਤੀ। ਮੀਟਿੰਗ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਵੀ ਮੌਜੂਦ ਸਨ। ਪਤਾ ਲੱਗਾ ਹੈ ਕਿ ਪੰਥਕ ਕਮੇਟੀ ਤੇ ਸ੍ਰੀ ਕਾਹਲੋਂ ਨੇ ਬਾਬਾ ਆਮਟੇ ਨੂੰ ਦੱਸਿਆ ਕਿ ਉਹ ਹਿੰਸਾ ਦੇ ਵਿਰੋਧੀ ਹਨ ਤੇ ਉਨ੍ਹਾਂ ਕਦੇ ਵੀ ਫਿਰਕੂ ਲੜਾਈ ਨੂੰ ਉਤਸ਼ਾਹ ਨਹੀਂ ਦਿੱਤਾ। ਨਾ ਹੀ ਉਹ ਖਾਲਿਸਤਾਨ ਦੀ ਮੰਗ ਕਰਦੇ ਹਨ। ਉਹ ਸਿਰਫ ਇਹ ਚਾਹੁੰਦੇ ਹਨ ਕਿ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਕੀਤਾ ਜਾਵੇ। ਉਨ੍ਹਾਂ ਨੇ ਇਸ ਗੱਲ ਦੀ ਸ਼ਿਕਾਇਤ ਕੀਤੀ ਹੈ ਕਿ ਸਿੱਖਾਂ ਨਾਲ ਬਹੁਤ ਬੇ-ਇਨਸਾਫੀ ਕੀਤੀ ਜਾ ਰਹੀ ਹੈ। ਸਰਕਾਰ ਨੇ ਨੀਲਾ ਤਾਰਾ ਅਪਰੇਸ਼ ਦੌਰਾਨ ਵੀ ਸਿੱਖਾਂ ਨਾਲ ਬਹੁਤ ਵਧੀਕੀਆਂ ਕੀਤੀਆਂ। ਦਿੱਲੀ ਵਿਚ ਤੇ ਹੋਰ ਥਾਵਾਂ ਉਤੇ ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਗਿਆ।

ਬਾਬਾ ਆਮਟੇ ਨੇ ਇਸ ਮੀਟਿੰਗ ਦੌਰਾਨ ਉਨ੍ਹਾਂ ਨੂੰ ਗੁਰੂਆਂ ਦੀ ਸਿਖਿਆ ਅਨੁਸਾਰ ਮਨੁੱਖਵਾਦ ਨੂੰ ਅਪਨਾਉਣ ਦੇ ਨਾਲ ਨਾਲ ਫਿਰਕੂ ਅਮਨ ਤੇ ਸਦਭਾਵਨਾ ਬਣਾਈ ਰੱਖਣ ਦੀ ਲੋੜ ਉਤੇ ਜ਼ੋਰ ਦਿੱਤਾ। ਰਾਮਬਾਗ ਵਿਚ ਆਯੋਜਿਤ ਇਕ ਮੀਟਿੰਗ ਵਿਚ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਬੱਤ ਦਾ ਭਲਾ ਮੰਗਣ। ਉਨ੍ਹਾਂ ਨੇ ਲੋਕਾਂ ਨੂੰ ਇਹ ਵੀ ਕਿਹਾ ਕਿ ਉਹ 'ਮਾਫ ਕਰਨ ਤੇ ਭੁੱਲ ਜਾਣ' ਦੀ ਨੀਤੀ ਅਪਨਾਉਣ ਹਾਲਾਂ ਕਿ ਇਹ ਬੜੀ ਔਖੀ ਗੱਲ ਹੈ

# ਰੋਡੇ ਦੀ ਮੌਤ ਦੀ ਜਾਂਚ ਲਈ ਕਮਿਸ਼ਨ ਕਾਇਮ

ਚੰਡੀਗੜ੍ਹ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਭਾਈ ਮਨਜੀਤ ਸਿੰਘ ਗਰੁਪ) ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਾਈ ਜਗਜੀਤ ਸਿੰਘ ਰੋਡੇ ਦੀ ਮੌਤ ਦੇ ਕਾਰਨ ਦੀ ਜਾਂਚ ਲਈ ਤਿੰਨ ਮੈਂਬਰੀ ਕਮਿਸ਼ਨ ਨਿਯੁਕਤ ਕੀਤਾ ਹੈ। ਕਮਿਸ਼ਨ ਵਲੋਂ 15 ਅਪ੍ਰੈਲ ਤਕ ਰਿਪੋਰਟ ਮੁਕੰਮਲ ਕਰਕੇ ਜਥੇਬੰਦੀ ਨੂੰ ਦਿੱਤੀ ਜਾਵੇਗੀ। ਇਥੇ ਫੈਡਰੇਸ਼ਨ ਦੀ ਨਵੀਂ ਬਣੀ ਪੰਜ ਮੈਂਬਰੀ ਪ੍ਰੀਜੀਡੀਅਮ ਦੇ ਇਕ ਮੈਂਬਰ ਸ੍ਰੀ ਧਰਮਵੀਰ ਸਿੰਘ ਨੇ ਦੱਸਿਆ ਕਿ ਜਾਂਚ ਕਮਿਸ਼ਨ ਦੇ ਤਿੰਨ ਮੈਂਬਰਾਂ ਵਿਚ ਉਨ੍ਹਾਂ ਤੋਂ ਇਲਾਵਾ ਸ੍ਰੀ ਚਮਕੌਰ ਸਿੰਘ ਅਤੇ ਸ੍ਰੀ ਕੁਲਵੰਤ ਸਿੰਘ ਕੋਮਲ ਸ਼ਾਮਲ ਹਨ। ਜਥੇਬੰਦੀ ਨੇ ਇਹ ਵੀ ਮੰਗ ਕੀਤੀ ਕਿ ਪੁਲੀਸ ਮੁਕਾਬਲੇ ਵਿਚ ਮਰਨ ਵਾਲੇ ਫੈਡਰੇਸ਼ਨ ਦੇ ਆਗੂ ਸ੍ਰੀ ਨਵਦੀਪ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਦੋ ਪੁਲੀਸ ਅਧਿਕਾਰੀਆਂ ਵਿਰੁਧ ਕੇਸ ਪਹਿਲਾਂ ਹੀ ਦਰਜ ਹੋ ਚੁੱਕਾ ਹੈ। ਸ੍ਰੀ ਨਵਦੀਪ ਸਿੰਘ ਦਾ ਭੋਗ 7 ਅਪਰੈਲ ਨੂੰ ਤਰਨਤਾਰਨ ਵਿਚ ਪਿਆ।

# ਲਿੰਕ ਨਹਿਰ ਦੀ ਉਸਾਰੀ ਦੀ ਪੇਸ਼ਕਸ਼ ਕੇਵਲ 2 ਕਿਲੋਮੀਟਰ ਲਈ ?

ਜ. ਸ. ਸਿੱਧੂ

ਚੰਡੀਗੜ੍ਹ — ਕੀ ਸਤਲੁਜ-ਯਮਨਾ ਲਿੰਕ ਨਹਿਰ ਦੀ 120 ਕਿਲੋਮੀਟਰ ਲੰਮੀ ਪੱਟੀ ਵਿਚੋਂ ਕੇਵਲ ਦੋ ਕਿਲੋਮੀਟਰ ਦੀ ਉਸਾਰੀ ਦਾ ਕੰਮ ਕਿਸੇ ਸਰਕਾਰੀ ਏਜੰਸੀ ਜਾਂ ਅਥਾਰਟੀ ਦੇ ਹੱਥਾਂ ਵਿਚ ਸੌਂਪਿਆ ਜਾਵੇਗਾ ?

ਪੰਜਾਬ ਦੇ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਐਲਾਨ ਕੀਤਾ ਸੀ ਕਿ ਲਿੰਕ ਨਹਿਰ ਦੀ ਉਸਾਰੀ ਛੇਤੀ ਮੁਕੰਮਲ ਕਰਨ ਲਈ ਅਤੇ ਖਰਚਾ ਘਟਾਉਣ ਲਈ ਉਸਾਰੀ ਦਾ "ਰਹਿੰਦਾ" ਕੰਮ ਕਿਸੇ ਸਰਕਾਰੀ ਏਜੰਸੀ ਨੂੰ ਸੌਂਪਿਆ ਜਾਵੇਗਾ। ਉਨ੍ਹਾਂ ਨੇ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਦਾ ਭਰੋਸਾ ਦਿਤਾ ਸੀ। ਬਹੁਤ ਹੀ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਲਗਭਗ 118 ਕਿਲੋਮੀਟਰ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਵੱਖ ਵੱਖ ਠੇਕੇਦਾਰਾਂ ਨੂੰ ਸੌਂਪਿਆ ਜਾ ਚੁੱਕਾ ਹੈ। ਪਿਛਲੇ ਅਰਸੇ ਵਿਚ ਉਨ੍ਹਾਂ ਨਾਲ ਸਰਕਾਰ ਦੇ ਬਕਾਇਦਾ ਲਿਖਤੀ ਸਮਝੌਤੇ ਹੋ ਚੁੱਕੇ ਹਨ। ਉਨ੍ਹਾਂ ਸਮਝੌਤਿਆਂ ਅਧੀਨ ਕੋਈ ਵੀ ਧਿਰ ਪਿਛੇ ਨਹੀਂ ਹਟ ਸਕਦੀ। ਕੁਝ ਖੇਤਰ ਨੂੰ ਛੱਡ ਕੇ ਬਾਕੀ ਖੇਤਰ ਉਤੇ ਕੰਪਨੀਆਂ ਨੇ ਆਪਣਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਸ ਤਰ੍ਹਾਂ ਕੇਵਲ ਦੋ ਕਿਲੋਮੀਟਰ ਦਾ ਖੇਤਰ ਹੀ ਅਜਿਹਾ ਹੈ ਜਿਸ ਦੀ ਉਸਾਰੀ ਦਾ ਠੇਕਾ ਅਜੇ ਤੱਕ ਕਿਸੇ ਨੂੰ ਸੌਂਪਿਆ ਨਹੀਂ ਗਿਆ।

ਇਨ੍ਹਾਂ ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਲਿੰਕ ਨਹਿਰ ਹੇਠ ਆਉਂਦੀ ਹੈ ਉਨ੍ਹਾਂ ਵਲੋਂ ਮੁਆਵਜ਼ਾ ਲਿਆ ਜਾ ਰਿਹਾ ਹੈ। ਸਰਕਾਰ ਵਲੋਂ ਜ਼ਮੀਨ ਦੀ ਕਿਸਮ ਦੇ ਹਿਸਾਬ ਨਾਲ 30 ਹਜ਼ਾਰ ਤੋਂ 65 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਲਿੰਕ ਨਹਿਰ ਦੀ ਉਸਾਰੀ ਦਾ ਵਿਰੋਧ ਮੁੱਖ ਤੌਰ ਉਤੇ ਭਾਰਤੀ ਕਿਸਾਨ ਯੂਨੀਅਨ ਅਤੇ ਕੁਝ ਹੋਰ ਜਥੇਬੰਦੀਆਂ ਵਲੋਂ ਕੀਤਾ ਜਾ ਰਿਹਾ ਹੈ। ਇਨ੍ਹਾਂ ਸੂਤਰਾਂ ਨੇ ਲਿੰਕ ਨਹਿਰ ਦੀ ਉਸਾਰੀ ਦੀ ਸੇਧ ਬਦਲਣ ਦੀ ਸੰਭਾਵਨਾ ਨੂੰ ਉਕਾ ਹੀ ਰੱਦ ਕਰ ਦਿੱਤਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਲਿੰਕ ਨਹਿਰ ਦੀ ਸੇਧ ਬਦਲਣ ਦੀ ਸੰਭਾਵਨਾ ਬਹੁਤ ਪਿਛੇ ਰਹਿ ਗਈ ਹੈ। ਇਨ੍ਹਾਂ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਲਿੰਕ ਨਹਿਰ ਦੀ ਖੁਦਾਈ ਰੋਕੀ ਬੈਠੇ ਕਿਸਾਨਾਂ ਨੂੰ ਉਥੋਂ ਕਿਸੇ ਨਾ ਕਿਸੇ ਢੰਗ ਨਾਲ ਉਠਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਸਤਲੁਜ-ਯਮਨਾ ਲਿੰਕ ਨਹਿਰ ਇਕ "ਇਤਿਹਾਸਕ ਮਖੌਲ" ਸਾਬਤ ਹੋਵੇਗਾ। ਇਸ ਦੇ ਮੁਕੰਮਲ ਹੋਣ ਦੀ ਤਰੀਕ ਬਾਰੇ ਕੋਈ ਵੀ ਭਰੋਸੇ ਨਾਲ ਨਹੀਂ ਕਹਿ ਸਕਦਾ। ਲਿੰਕ ਨਹਿਰ ਦੀ ਉਸਾਰੀ ਮੁਕੰਮਲ ਹੋ ਜਾਂਦੀ ਹੈ ਤਾਂ ਇਸ ਲਈ ਪਾਣੀ ਕਿਥੋਂ ਆਵੇਗਾ ?

# ਨਵੇਂ ਖੁਲ੍ਹ ਰਹੇ ਰੈਸਟੋਰਾਂ ਮੁਗ਼ਲ ਗਾਰਡਨਜ਼ ਦਾ ਸ਼ੈਫ਼ ਤਰਲੋਕ ਸਚਦੇਵਾ



ਬੀਚ ਐਵੇਨੀਊ ਅਤੇ ਹੋਅ ਸਟਰੀਟ ਦੀ ਕਾਰਨਰ ਉਤੇ ਨਵਾਂ ਰੈਸਟੋਰਾਂ 'ਮੁਗ਼ਲ ਗਾਰਡਨਜ਼' ਖੁਲ੍ਹਣ ਜਾ ਰਿਹਾ ਹੈ ਜੋ ਸਾਰੇ ਭਾਰਤੀ ਰੈਸਟੋਰਾਂ ਨਾਲੋਂ ਵੱਡਾ ਹੈ। ਰੈਸਟੋਰਾਂ ਬੀਚ ਐਵੇਨੀਊ ਨੇੜੇ Expo - 86 ਦੇ ਗੇਟ ਦੇ ਬਿਲਕੁਲ ਨਜ਼ਦੀਕ ਹੈ। ਏਨ੍ਹਾਂ ਖੁਲ੍ਹੀ ਜਗ੍ਹਾ ਵਾਲਾ ਰੈਸਟੋਰਾਂ ਦਰਸ਼ਕ ਲਈ ਪਹਿਲੀ ਨਜ਼ਰੇ ਹੀ ਖਿਚ ਦਾ ਕਾਰਨ ਬਣਦਾ ਹੈ।

ਸਾਡਾ ਪੱਤਰ ਪ੍ਰੇਰਕ ਜਿਸ ਸਮੇਂ ਰੈਸਟੋਰਾਂ ਵਿਚ ਗਿਆ ਤਾਂ ਰੈਸਟੋਰਾਂ ਨੂੰ ਆਖਰੀ ਛੋਹਾਂ ਦਿਤੀਆਂ ਜਾ ਰਹੀਆਂ ਸਨ ਅਤੇ ਮੈਨੇਜਰ ਬਿੱਲ ਧੰਨਾ ਨਿੱਕੀ ਤੋਂ ਨਿੱਕੀ ਆਈਟਮ ਵੱਲ ਆਪਣਾ ਡੂੰਘਾ ਧਿਆਨ ਦੇ ਰਿਹਾ ਸੀ।

ਸਾਡੇ ਪੱਤ੍ਰਪਰੇਰਕ ਨਾਲ ਤਰਲੋਕ ਸਚਦੇਵਾ ਦੀ ਮੁਲਾਕਾਤ ਕਰਵਾਈ ਗਈ ਤਾਂ ਪਤਾ ਲੱਗਿਆ ਕਿ ਸ੍ਰੀ ਸਚਦੇਵਾ ਪਿਛਲੇ ਪੱਚੀ ਸਾਲ ਤੋਂ ਰੈਸਟੋਰਾਂ ਦੇ ਕਾਰੋਬਾਰ ਨਾਲ ਸਬੰਧਤ ਹਨ। ਉਹ ਪਿਛੋਕੜ ਤੋਂ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਦਾ ਪਰਵਾਰ ਇਸ ਕਾਰੋਬਾਰ ਵਿਚ ਨਿਪੁੰਨ ਗਿਣਿਆ ਜਾਂਦਾ ਹੈ।

ਤਰਲੋਕ ਸਚਦੇਵਾ 'ਮੁਗ਼ਲ ਗਾਰਡਨਜ਼' ਦੇ ਨਵੇਂ ਸ਼ੈਫ਼ ਹਨ। ਘਰ ਸ਼ੈਫ਼ ਦੇ ਤੌਰ ਤੇ ਉਹ ਬਹੁਤ ਤਜਰਬਾਕਾਰ ਵਿਅਕਤੀ ਹਨ। ਉਹ ਇਸ ਵੇਲੇ ਬਰਾਡਵੇ ਤੇ ਸਥਿਤ 'ਰਾਗਾ ਰੈਸਟੋਰਾਂ' ਦੇ ਸ਼ੈਫ਼ ਹਨ। ਇਸ ਤੋਂ ਪਹਿਲਾਂ ਉਹ ਬੰਬੇ ਪੈਲੇਸ ਮਾਂਟਰੀਅਲ ਦੇ ਸ਼ੈਫ਼ ਵੀ ਰਹਿ ਚੁਕੇ ਹਨ। ਹਾਂਗਕਾਂਗ ਵਿਚ ਵੀ ਉਹ ਪਹਿਲਾਂ ਇਸੇ ਕਾਰੋਬਾਰ ਨਾਲ ਸਬੰਧਤ ਰਹੇ ਹਨ। ਹਰ ਪ੍ਰਕਾਰ ਦੀ ਕੁਕਿੰਗ ਵਿਚ ਉਹ ਨਿਪੁੰਨ ਵਿਅਕਤੀ ਗਿਣੇ ਜਾਂਦੇ ਹਨ।

OASIS ਵਲੋਂ ਦਿਤੇ ਖਾਣੇ ਦਾ ਪ੍ਰਬੰਧ ਉਨ੍ਹਾਂ ਪਿਛਲੀ ਦਸੰਬਰ ਨੂੰ ਕੀਤਾ ਜਿਸ ਵਿਚ 350 ਮਹਿਮਾਨ ਆਏ ਸਨ। ਸੰਸਥਾ ਦੀ ਐਗਜ਼ੈਕਟਿਵ ਡਾਇਰੈਕਟਰ ਸ਼ੀਲਾ ਮੁਨਾਲਾਲ ਨੇ ਉਨ੍ਹਾਂ ਦੀ ਤਾਰੀਫ ਕਰਦਿਆਂ ਲਿਖਿਆ ਕਿ ਤਰਲੋਕ ਸਚਦੇਵਾ ਨੇ ਏਨੇ ਵਧੀਆ ਪਕਵਾਨ ਬਣਾਏ ਕਿ ਸਾਰੇ ਮਹਿਮਾਨਾਂ ਨੇ ਖਾਣੇ ਦੀ ਬਹੁਤ ਤਾਰੀਫ ਕੀਤੀ ਤੇ ਏਨਾ ਵਧੀਆ ਪ੍ਰਬੰਧ ਕੀਤਾ ਕਿ 350 ਮਹਿਮਾਨਾਂ ਨੇ ਆਰਾਮ ਨਾਲ ਖਾਣਾ ਖਾਧਾ।

ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ 'ਮੁਗ਼ਲ ਗਾਰਡਨਜ਼' ਖੁਲ੍ਹਦਿਆਂ ਹੀ ਭਾਰਤੀ ਰੈਸਟੋਰਾਂ ਦੇ ਤੌਰ ਉਤੇ ਸਾਰੇ ਵੈਨਕੂਵਰ ਵਿਚ ਛਾ ਜਾਵੇਗਾ।

# 3000 ਸਿੱਖਾਂ ਦਾ ਜੱਥਾ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਗਿਆ

ਅੰਮ੍ਰਿਤਸਰ — 8 ਅਪ੍ਰੈਲ ਨੂੰ ਲਗਭਗ 3000 ਗੁਰਸਿੱਖਾਂ ਦਾ ਜੱਥਾ ਜੱਥੇਦਾਰ ਨਜੀਰ ਸਿੰਘ ਜੀਂਦ ਜੋ ਕਿ ਹਰਿਆਣਾ ਅਕਾਲੀ ਦਲ "ਲੌਂਗੋਵਾਲ" ਦੇ ਪ੍ਰਧਾਨ ਹਨ ਦੀ ਅਗਵਾਈ ਵਿਚ ਪਾਕਿਸਤਾਨ ਗਿਆ। ਇਹ ਜੱਥਾ ਪਾਕਿਸਤਾਨ ਵਿਚਲੇ ਸਿੱਖ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰੇਗਾ।




AMIN LADHA

AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck

CHEVROLET-OLDSMOBILE-CADILLAC LTD.

86 SE Marine Dr., [between Main & Cambie]

Ph: 324-7222

Res.: 433-1681

Pager 687-7711 Pager #2122

DUECK CHEVROLET OLDSMOBILE CADILLAC LTD.

United Realty Ltd.

3879 Oak Street, Vancouver, B.C. V6H 2M6



Malkit Dhami,

M.A. (Eco.)

Member of Prestigious M.L.S. Medallion Club For 83-84 85-86

■ BUYING

■ SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

ਗੁਰਬਖ਼ਸ਼ ਸਿੰਘ

# ਆਰੰਭਕ ਵਿਦਿਆ ਦੀ ਮਹੱਤਤਾ



ਵਰਤਮਾਨ ਹਿੰਦੁਸਤਾਨ ਗਲਤ ਕੀਮਤਾਂ ਦਾ ਮੁਲਕ ਆਖਿਆ ਜਾਣਾ ਚਾਹੀਦਾ ਹੈ। ਏਥੇ ਲੋਕ ਵਿਆਹ ਚਾਹੁੰਦੇ ਹਨ, ਵਹੁਟੀ ਨੂੰ ਦੇਖਦੇ ਤੱਕ ਨਹੀਂ; ਜ਼ਿੰਦਗੀ ਲੰਮੀ ਮੰਗਦੇ ਹਨ, ਪਰ ਜੀਉਣ ਨੂੰ ਗੁਨਾਹ ਸਮਝਦੇ ਹਨ; ਬੇ-ਲੋੜ, ਬੇ-ਪਰਵਾਹ ਖਾਲਕ ਨੂੰ ਪੂਜਦੇ ਤੇ ਚੜ੍ਹਾਵੇ ਚੜ੍ਹਾਂਦੇ ਹਨ, ਪਰ ਲੋੜਵੰਦ ਮਖਲੂਕ ਨੂੰ ਜੀਊਂਦਿਆਂ ਸਾੜਨਾ ਖਾਲਕ ਦੇ ਸਿਰ ਅਹਿਸਾਨ ਕਰਨਾ ਸਮਝਦੇ ਹਨ। ਜ਼ਿੰਦਗੀ ਦੀਆਂ ਨੀਂਹਾਂ ਨੂੰ ਕੌਡੀ ਕੌਡੀ ਦਾ ਸਰਫਾ ਕਰ ਕੇ ਪੱਕਾ ਨਹੀਂ ਹੋਣ ਦੇਂਦੇ, ਤੇ ਉਪਰ ਕੰਧਾਂ ਨੂੰ ਭਾਰਾ ਕਰਨ ਵਿਚ ਸਾਰੀ ਮਲਕੀਅਤ ਖਰਚ ਕਰ ਦੇਂਦੇ ਹਨ।

ਛੋਟੇ ਬੱਚੇ ਦਾ ਜੀਵਨ ਮਨੁੱਖਤਾ ਦੀ ਨੀਂਹ ਹੁੰਦਾ ਹੈ। ਪਰ ਇਸ ਨੀਂਹ ਉਤੇ ਨਾ ਮਿਹਨਤ ਤੇ ਨਾ ਮਾਇਆ ਖਰਚ ਕੀਤੀ ਜਾਂਦੀ ਹੈ। ਦਸ ਪੰਦਰਾਂ ਰੁਪਈਏ ਦਾ ਕੋਈ ਭਾਈ ਜਾਂ ਪਾਂਧਾ ਜਾਂ ਉਸਤਾਦ ਬੱਚਿਆਂ ਦੇ ਪੜ੍ਹਾਣ ਲਈ ਕਾਫੀ ਲਾਇਕ ਸਮਝਿਆ ਜਾਂਦਾ ਹੈ। ਕਿਸੇ ਨੀਮ ਮੌਲਵੀ ਜਾਂ ਗਿਆਨੀ ਦੀ ਲਿਖੀ ਤੇ ਕਿਸੇ ਰੱਦੀ ਕਾਗਜ਼ ਉਤੇ ਭੱਦੀ ਜਿਹੀ ਛਪੀ ਬੇ-ਜਿਲਦ ਕਿਤਾਬ ਬੱਚੇ ਦੀ ਕਿਤਾਬ ਹੋਣ ਦਾ ਮਾਣ ਰਖਦੀ ਹੈ, ਪਰ ਕਾਲਜ ਦੀ ਪੜ੍ਹਾਈ ਉਤੇ 70-80 ਰੁਪਏ ਮਹੀਨਾ ਉਹਨਾਂ ਬੱਚਿਆਂ ਲਈ ਖਰਚ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਸਾਰੀ ਉਮਰ ਏਨੀ ਤਨਖਾਹ ਕਮਾ ਸਕਣ ਦੇ ਲਾਇਕ ਨਹੀਂ ਹੁੰਦੇ। ਉਹਨਾਂ ਦੀਆਂ ਕਿਤਾਬਾਂ ਵੀ ਸੌ ਰੁਪਈਏ ਸਾਲਾਨਾ ਤੋਂ ਘਟ ਆਦਿ ਨਹੀਂ ਹੁੰਦੀਆਂ।

ਇਹ ਸਿਰਫ ਗਲਤ ਕੀਮਤਾਂ ਦੇ ਸ਼ੈਦਾਈ ਮੁਲਕ ਵਿਚ ਹੀ ਹੋ ਸਕਦਾ ਹੈ। ਸਿਆਣੇ ਮੁਲਕਾਂ ਵਿਚ ਬੱਚਿਆਂ ਦੇ ਸਕੂਲ ਯੂਨੀਵਰਸਿਟੀਆਂ ਨਾਲੋਂ ਵੀ ਸੁਹਣੇ, ਉਸਤਾਦ ਬੜੀ ਉਚੀ ਵਿਦਿਆ ਤੇ ਤਜਰਬੇ ਵਾਲੇ, ਕਿਤਾਬਾਂ ਅੱਤ ਵਧੀਆ ਕਾਗਜ਼ ਉਤੇ ਛਪੀਆਂ ਹੋਈਆਂ ਤੇ ਤਸਵੀਰਾਂ ਬੜੀਆਂ ਸੁੰਦਰ। ਉਥੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਉਤੇ ਮਾਪੇ ਕੁਝ ਖਰਚ ਹੀ ਨਹੀਂ ਕਰਨਾ ਚਾਹੁੰਦੇ। ਮੁੰਡੇ ਕੁੜੀਆਂ ਆਪਣਾ ਨਿਰਬਾਹ ਆਪ ਕਰਦੇ ਹਨ। ਪਰ ਛੋਟੇ ਬੱਚਿਆਂ ਦੀ ਪੜ੍ਹਾਈ ਉਤੇ ਮਾਤਾ ਪਿਤਾ ਆਪਣਾ ਸਾਰਾ ਪਿਆਰ ਤੇ ਪੁੱਜਤ ਖਰਚ ਕਰ ਦੇਂਦੇ ਹਨ।

ਕਿਉਂਕਿ ਬੱਚਾ ਮਨੁੱਖਤਾ ਦੀ ਨੀਂਹ ਹੈ। ਪੱਕੀ ਨੀਂਹ ਉਤੇ ਸਭ ਕੁਝ ਉਸਾਰਿਆ ਜਾ ਸਕਦਾ ਹੈ। ਕੱਚੀਆਂ ਨੀਂਹਾਂ ਉਤੇ ਸਾਧਾਰਣ ਉਸਾਰੀ ਵੀ ਪਾਟ ਜਾਂਦੀ ਹੈ, ਤੇ ਉਸਾਰੀ ਉਚੀ ਕਦੇ ਚੜ੍ਹ ਹੀ ਨਹੀਂ ਸਕਦੀ।

ਛੋਟੇ ਬੱਚਿਆਂ ਨੂੰ ਕੋਝੀਆਂ ਇਮਾਰਤਾਂ ਵਿਚ, ਨੀਮ ਪੜ੍ਹੇ ਤੇ ਕਠੋਰ ਉਸਤਾਦਾਂ ਕੋਲੋਂ ਪੜ੍ਹਾਣਾ ਆਪਣੀ ਕੌਮ ਨਾਲ ਬੇ-ਇਨਸਾਫੀ ਕਰਨਾ ਹੈ। ਜੇ ਕਾਲਜ ਵਿਚ ਪੜ੍ਹਾਣ ਦੀ ਪੁੱਜਤ ਨਹੀਂ ਤਾਂ ਨਾ ਹੋਵੇ, ਬੱਚੇ ਦੇ ਪਹਿਲੇ ਸਾਲ ਚੰਗੇ ਆਲੇ-ਦੁਆਲੇ ਵਿਚ ਬੀਤਣੇ ਚਾਹੀਦੇ ਹਨ। ਸਾਡੇ ਸਕੂਲਾਂ ਵਿਚ ਬੱਚਿਆਂ ਦੀ ਆਤਮਾ ਡਿੰਗ-ਪੜਿੰਗੀ ਕੀਤੀ ਜਾਂਦੀ ਹੈ। ਦਸ ਜਮਾਤਾਂ ਪਾਸ ਕਰਨ ਤਕ ਬੱਚੇ ਦੀ ਰੂਹ ਦੀ ਮੌਲਿਕ ਆਬ ਸਭ ਉਡ ਗਈ ਹੁੰਦੀ ਹੈ, ਸ਼ਖਸੀਅਤ ਦੀਆਂ ਆਸਾਂ ਸਭ ਮੁੱਕ ਚੁੱਕੀਆਂ ਹੁੰਦੀਆਂ ਹਨ।

ਮੁਲਕ ਦੀ ਬੇਕਾਰੀ ਦਾ ਇਲਾਜ ਆਰੰਭਕ ਵਿੱਦਿਆ ਦੀ ਮਹੱਤਤਾ ਸਮਝ ਲੈਣ ਵਿਚ ਹੈ। ਬੱਚਾ ਆਦਮੀ ਦਾ ਪਿਤਾ ਹੈ। ਬੱਚੇ ਉਤੇ ਆਪਣਾ ਪੂਰਾ ਜ਼ੋਰ ਲਾਓ, ਪਿਆਰ ਤੇ ਸਾਰੀ ਪੁੱਜਤ ਖਰਚ ਕਰੋ, ਤਾਂ ਕਿ ਹਾਈ ਸਕੂਲ ਪਾਸ ਕਰ ਕੇ ਇਹ ਆਪਣਾ ਰਾਹ ਆਪ ਲੱਭ ਸਕੇ। 60 ਫੀਸਦੀ ਮਾਪਿਆਂ ਨੂੰ ਹਾਈ ਸਕੂਲ ਬਾਅਦ ਆਪਣੇ ਬੱਚਿਆਂ ਉਤੇ ਕੁਝ ਖਰਚ ਨਹੀਂ ਕਰਨਾ ਪਵੇਗਾ, ਜੇ ਉਹ ਸ਼ੁਰੂ ਵਿਚ ਉਨ੍ਹਾਂ ਉਤੇ ਲੋੜੀਂਦਾ ਖਰਚ ਕਰਨ ਦੀ ਦਲੇਰੀ ਕਰ ਸਕਣ।

ਆਪਣੇ ਬੱਚੇ ਨੂੰ ਹਮੇਸ਼ਾਂ ਚੰਗੇ ਸਕੂਲ ਵਿਚ ਪਾਓ। ਕਾਲਜ ਮਾੜੇ ਵਿਚ ਵੀ ਗੁਜ਼ਾਰਾ ਹੋ ਜਾਂਦਾ ਹੈ, ਪਰ ਮਾੜਾ ਸਕੂਲ ਬੱਚੇ ਵਿਚ ਕੁਝ ਬਣ ਸਕਣ ਦੀ ਸ਼ਕਤੀ ਹੀ ਨਹੀਂ ਰਹਿਣ ਦੇਂਦਾ।

ਚੰਗੇ ਸਕੂਲ ਵਿਚ ਬੱਚੇ ਨੂੰ ਭੇਜਣਾ ਜ਼ਿੰਦਗੀ ਦਾ ਸਭ ਤੋਂ ਸਿਆਣਾ ਸੰਜਮ ਹੈ।

# ਜਨਰਲ ਜ਼ਿਆ ਦੇ ਬਿਆਨਾਂ ਦੀ ਲੋਕ ਸਭਾ 'ਚ ਗੂੰਜ

ਨਵੀਂ ਦਿੱਲੀ — ਲੋਕ ਸਭਾ ਵਿਚ ਮੈਂਬਰਾਂ ਨੇ ਇਸ ਗੱਲ ਉਪਰ ਗੰਭੀਰਤਾ ਪ੍ਰਗਟਾਈ ਹੈ ਕਿ ਭਾਰਤ ਦੇ ਅੰਦਰੂਨੀ ਮਸਲਿਆਂ ਵਿਚ ਪਾਕਿਸਤਾਨ ਦੀ ਦਖਲਅੰਦਾਜ਼ੀ ਗੰਭੀਰ ਰੂਪ ਧਾਰਨ ਕਰ ਗਈ ਹੈ। ਜ਼ੀਰੋ ਆਵਰ ਦੌਰਾਨ ਮਸਲਾ ਉਠਾਉਂਦੇ ਹੋਏ ਕਾਂਗਰਸ (ਇ) ਦੇ ਕੇ. ਕੇ. ਤਿਵਾੜੀ ਨੇ ਇਸ ਮਸਲੇ ਉਪਰ ਮੁਕੰਮਲ ਬਹਿਸ ਦੀ ਮੰਗ ਕੀਤੀ ਕਿਉਂਕਿ "ਇਸ ਦਾ ਅਸਰ ਸਾਡੇ ਦੇਸ਼ ਦੀ ਸੁਰੱਖਿਆ ਉਪਰ ਪੈਂਦਾ ਹੈ।" ਵਿਰੋਧੀ ਪਾਰਟੀਆਂ ਨੇ ਸ੍ਰੀ ਤਿਵਾੜੀ ਦੀ ਮੰਗ ਦੀ ਹਮਾਇਤ ਕੀਤੀ। ਸ੍ਰੀ ਤਿਵਾੜੀ ਨੇ ਸਰਕਾਰ ਦਾ ਧਿਆਨ ਜਨਰਲ ਜ਼ਿਆ ਦੇ ਭਾਰਤ ਦੀਆਂ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਸਬੰਧੀ ਅਤੇ ਤਾਮਿਲਨਾਡੂ ਵਿਚ ਬਾਗੀਆਨਾ ਸਰਗਰਮੀਆਂ ਦੀ ਲੋੜ ਵਾਲੇ ਬਿਆਨ ਵੱਲ ਦਿਵਾਇਆ। ਉਨ੍ਹਾਂ ਮੰਗ ਕੀਤੀ ਕਿ ਵਿਦੇਸ਼ ਮੰਤਰੀ ਇਸ ਮਸਲੇ ਉਪਰ ਬਿਆਨ ਦੇਣ।

ਜਨਤਾ ਪਾਰਟੀ ਦੇ ਜੈਪਾਲ ਰੈਡੀ ਨੇ ਸ਼ੰਕਾ ਪ੍ਰਗਟ ਕੀਤੀ ਕਿ ਅਫਗਾਨ ਗੁਰੀਲਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਖਤਰਨਾਕ ਸਿੰਗਰ ਮਿਜ਼ਾਈਲਾਂ ਕਿਧਰੇ ਭਾਰਤ ਵਿਚਲੇ ਦਹਿਸ਼ਤਪਸੰਦਾਂ ਤਕ ਨਾ ਪਹੁੰਚ ਜਾਣ। ਉਨ੍ਹਾਂ ਕਿਹਾ, "ਕਿਧਰੇ ਅਜਿਹਾ ਤਾਂ ਨਹੀਂ ਕਿ ਭਾਰਤੀ ਹਵਾਈ ਫੌਜ ਦੇ ਦੋ ਗੁੰਮ ਮਾਲਵਾਹਕ ਹਵਾਈ ਜਹਾਜ਼ ਇਨ੍ਹਾਂ ਮਿਜ਼ਾਈਲਾਂ ਦਾ ਸ਼ਿਕਾਰ ਹੋਏ ਹੋਣ। ਕਾਂਗਰਸ (ਇ.) ਦੇ ਪੀ. ਆਰ. ਕੁਮਾਰ ਮੰਗਲਮ ਨੇ ਪਾਕਿਸਤਾਨ ਵਿਚ ਦਹਿਸ਼ਤਪਸੰਦਾਂ ਨੂੰ ਸਿਖਲਾਈ ਦਿਤੇ ਜਾਣ ਅਤੇ ਕਾਂਗਰਸ (ਇ.) ਦੇ ਹੀ. ਟੀ. ਬਸ਼ੀਰ ਨੇ ਲੁਟੇਰਾ ਕਸ਼ਮੀਰ ਵਿਚ ਗੁਰੀਲਾ ਲੜਾਈ ਸਿਖਲਾਈ ਇੰਸਟੀਚਿਊਟ ਖੋਲ੍ਹੇ ਜਾਣ 'ਤੇ ਚਿੰਤਾ ਪ੍ਰਗਟਾਈ।

**ਐਡਵਰਟਾਈਜ਼ ਲਈ ਫੋਨ ਕਰੋ —**

**581-4473**

# ਕੀ ਇਮੀਗਰੇਸ਼ਨ ਦਾ ਮਸਲਾ ਹੈ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ!**

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਓ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ' ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਜ਼ਰੂਰ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ

**ਮਲਕੀਤ ਸਿੰਘ ਪਰਹਾਰ**

**OFF.(604)733-1644**

**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਹੋਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।
- ਜੇ ਤੁਹਾਡਾ ਕੋਈ ਕਿਸੇ ਇਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।
- ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*



# ਫ਼ਿਲਮ-ਲੋਕ



## ਮਾਰਦੇ ਨੇ ਫਿਲਮਾਂ ਵਾਲੇ ਟੌਅਰ ਨਾਲ ਨਕਲ

**ਸ਼ਮਸ਼ੇਰ ਸਿੰਘ ਸੰਧੂ**

ਫਿਲਮਾਂ ਬਣਾਉਣ ਵਾਲਿਆਂ 'ਚ ਨਕਲ ਨੂੰ ਮਾਣਯੋਗ ਦਰਜਾ ਪ੍ਰਾਪਤ ਹੈ ਕੋਈ ਭਾਰਤੀ ਡਾਇਰੈਕਟਰ ਜਾਂ ਪ੍ਰੋਡਿਊਸਰ ਕਿਸੇ ਵਿਦੇਸ਼ੀ ਫਿਲਮ ਦੀ ਨਕਲ ਮਾਰ ਕੇ "ਆਪਣੀ" ਫਿਲਮ ਬਣਾਉਂਦਾ ਹੈ ਤਾਂ ਵਾਹ ਲਗਦੀ ਲੁਕੋਂਦਾ ਨਹੀਂ, ਸਗੋਂ ਅੱਖਾਂ 'ਚ ਅੱਖਾਂ ਪਾ ਕੇ ਅਤੇ ਸਿਰ ਉਚਾ ਚੁੱਕ ਕੇ ਆਖੇਗਾ, "ਮੈਂ ਫਲਾਣੀ ਵਿਦੇਸ਼ੀ ਫਿਲਮ ਨੂੰ ਫਰੇਮ-ਦਰ-ਫਰੇਮ ਵਰਤ ਲਿਆ ਹੈ। ਜਿਹੜੇ ਫਿਲਮਾਕਾਰਾਂ 'ਚ ਕਿਧਰੇ ਮਾੜੀ-ਮੋਟੀ ਹਯਾ ਬਚਦੀ ਹੈ, ਉਹ "ਨਕਲ" ਸ਼ਬਦ ਦੇ ਪ੍ਰਯੋਗ ਤੋਂ ਹਿਚਕਚਾਹਟ ਮੰਨਦੇ ਹੋਏ ਕਹਿ ਦਿੰਦੇ ਨੇ ਅਸੀਂ ਤਾਂ ਫਲਾਂ ਫਿਲਮ ਦਾ ਮਹਿਜ ਪ੍ਰਭਾਵ ਹੀ ਕਬੂਲਿਆ ਹੈ। ਤੇ ਕੁਝ ਭੱਦਰਪੁਰਸ਼ ਅਜਿਹੇ ਵੀ ਹਨ ਜੋ ਵਿਦੇਸ਼ੀ ਫਿਲਮ ਦਾ ਚਰਬਾ ਉਤਾਰਦੇ ਹੋਏ ਹਿਕ ਚੌੜੀ ਕਰ ਕੇ ਕਹਿਣਗੇ "ਸਾਡੇ ਜ਼ਿਹਨ ਵਿਚ ਇਹੋ ਪਲਾਟ ਕਾਫੀ ਦੇਰ ਤੋਂ ਅਟਕਿਆ ਹੋਇਆ ਸੀ, ਇਸੇ ਸਬਜੇਕਟ, 'ਤੇ ਅਸੀਂ ਸੋਚ ਰਹੇ ਸੀ ...।" ਖੈਰ ...। ਨਕਲਾਂ ਦੀਆਂ ਕੁਝ ਮਿਸਲਾਂ ਪੇਸ਼ ਹਨ :

ਅੰਗਰੇਜ਼ੀ ਫਿਲਮ "ਦਾ ਮੈਗਨੀਫਿਸੈਂਟ ਸੈਵਨ" ਦੇਖਣ ਉਪਰੰਤ ਸਾਧਾਰਣ ਦਰਸ਼ਕ ਵੀ ਜਾਣ ਜਾਂਦਾ ਹੈ ਕਿ ਸਿੱਪੀ ਭਰਾਵਾਂ ਦੀ ਬਹੁਚਰਚਿਤ "ਸ਼ੋਅਲੇ" ਅਤੇ ਰਾਜ ਸਿੱਪੀ ਦੀ "ਸੱਤੇ ਪੇ ਸੱਤਾ" ਫਿਲਮਾਂ ਕਿੰਨੀਆਂ ਕੁ ਮੌਲਿਕ ਹਨ ! ਹਿੰਦੀ ਫਿਲਮ "ਕਿਆਮਤ" ਦਾ ਸਾਰਾ ਆਧਾਰ ਅੰਗਰੇਜ਼ੀ ਫਿਲਮ "ਕੇਪ ਫੀਅਰ" ਹੈ। ਮਿਠੁਨ ਚਕਰਵਰਤੀ ਦੀ ਬਤੌਰ ਹੀਰੋ ਫਿਲਮ ਆਈ ਸੀ "ਬੌਕਸਰ" ਅਤੇ ਪਹਿਲਵਾਨ ਅਭਿਨੇਤਾ ਦਾਰਾ ਸਿੰਘ ਨੇ ਇਕ ਬਣਾਈ ਸੀ "ਰੁਸਤਮ"। ਦੋਹੇਂ ਫਿਲਮਾਂ ਅੰਗਰੇਜ਼ੀ ਦੀ "ਦਾ ਚੈਂਪ" ਫਿਲਮ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋ ਕੇ ਬਣਾਈਆਂ ਗਈਆਂ। "ਡੇਥ ਵਿਸ਼" ਇਕ ਅਜਿਹੀ ਅੰਗਰੇਜ਼ੀ ਫਿਲਮ ਸੀ ਜਿਸ ਨੂੰ ਲੈ ਕੇ ਦੀਪਕ ਬਾਹਰੀ ਨੇ "ਪੱਥਰ" ਬਣਾਈ, ਬੀ. ਆਰ ਚੋਪੜਾ ਤੇ ਰਵੀ ਚੋਪੜਾ ਨੇ "ਆਜ ਕੀ ਆਵਾਜ" ਬਣਾਈ ਅਤੇ ਸ਼ਕਤੀ ਫਿਲਮਜ਼ ਨੇ "ਆਵਾਜ਼" ਬਣਾ ਧਰੀ।

ਥਰੀ-ਡਾਇਮੈਨਸ਼ਨ ਹਿੰਦੀ ਫਿਲਮ "ਸ਼ਿਵਾ ਕਾ ਇਨਸਾਫ" ਸ਼ਰੇਆਮ ਅੰਗਰੇਜ਼ੀ ਫਿਲਮ "ਸਪਾਈਡਰਮੈਨ" ਦੀ ਨਕਲ ਸੀ। ਇਸੇ ਤਰ੍ਹਾਂ ਚੋਪੜਾ ਪਰਿਵਾਰ ਨੇ ਹਿੰਦੀ ਫਿਲਮ "ਦਾ ਬਰਨਿੰਗ ਟਰੇਨ" ਵਿਚ ਅੰਗਰੇਜ਼ੀ ਫਿਲਮ "ਦਾ ਟਾਵਰ ਇਨਫੇਰਨੋ" ਦੀਆਂ ਕਾਤਰਾਂ ਨੂੰ ਵਰਤ ਲਿਆ ਸੀ। ਹਿੰਦੀ ਫਿਲਮ "ਮਾਸੂਮ" ਬਿਨਾਂ ਸ਼ੱਕ "ਮੈਨ, ਵੂਮੈਨ ਐਂਡ ਚਾਈਲਡ" ਦਾ ਚਰਬਾ ਸੀ। "ਜਾਦੂ ਟੂਣਾ" ਤੇ "ਇਨਕਾਰ" ਹਿੰਦੀ ਫਿਲਮਾਂ ਦਾ ਵਿਸ਼ਾ-ਵਸਤੂ ਵੀ ਅੰਗਰੇਜ਼ੀ ਫਿਲਮਾਂ 'ਚੋਂ ਚੁਰਾਇਆ ਹੋਇਆ ਸੀ। ਉਮੇਸ਼ ਮਹਿਰਾ ਦੀ "ਤੇਰੀ ਬਾਹੋਂ ਮੇਂ" ਥਾਂ ਥਾਂ ਤੋਂ ਬੋਲਦੀ ਸੀ ਕਿ ਉਸ ਦੇ ਡਾਇਰੈਕਟਰ ਦੇ ਮਨ ਵਿਚ ਅੰਗਰੇਜ਼ੀ ਫਿਲਮ "ਦਾ ਬਲਿਊ ਲੈਗੂਨ" ਅਟਕੀ ਹੋਈ ਸੀ। ਮੁਕਲ ਆਨੰਦ ਦੀ "ਕਾਨੂੰਨ ਕਿਆ ਕਰੇਗਾ" 'ਚੋਂ ਫਿਰ "ਕੇਪ ਫੀਅਰ" ਦਾ ਝਲਕਾਰਾ ਮਿਲਦਾ ਸੀ। ਜਾਪਾਨੀ ਫਿਲਮ "ਹਾਈ ਐਂਡ ਲੋਅ" ਨੂੰ ਲੈ ਕੇ ਹਿੰਦੀ ਵਿਚ ਦੋ ਫਿਲਮਾਂ "ਖੱਟਾ ਮਿੱਠਾ" ਅਤੇ "ਹਮਾਰੇ ਤੁਮਾਰੇ" ਬਣ ਗਈਆਂ। ਬੀ. ਆਰ. ਚੋਪੜਾ ਜਿਸ ਬਾਰੇ ਮਸ਼ਹੂਰ ਹੈ ਕਿ ਹਰ ਵਾਰ ਨਵੀਂ ਗੱਲ ਪੇਸ਼ ਕਰਦਾ ਹੈ, ਨੇ ਅੰਗਰੇਜ਼ੀ ਫਿਲਮ "ਲਿਪਸਟਿਕ" ਦੀਆਂ ਧੱਜੀਆਂ ਉਡਾ ਕੇ ਹਿੰਦੀ ਫਿਲਮ "ਇਨਸਾਫ ਕਾ ਤਰਾਜੂ" ਬਣਾਈ।

ਅੱਜ ਦੇ ਮਹਾਨ ਡਾਇਰੈਕਟਰ ਸੁਭਾਸ਼ ਘਈ ਦੀ "ਕਰਜ਼" ਫਿਲਮ ਦੀ ਮਿੱਟੀ ਦੀ ਤਾਸੀਰ ਅੰਗਰੇਜ਼ੀ ਫਿਲਮ "ਦਾ ਰੀਇਨਕਾਰਨੇਸ਼ਨ ਆਫ ਪੀਟਰ ਪਰਾਊਡ" ਨਾਲ ਬਹੁਤ ਮੇਲ ਖਾਂਦੀ ਸੀ। ਸੁਭਾਸ਼ ਘਈ ਦੀ ਆਉਣ ਵਾਲੀ ਵੱਡੇ ਬਜਟ ਦੀ ਫਿਲਮ "ਕਰਮਾ" ਕਿਸੇ ਵਿਦੇਸ਼ੀ ਫਿਲਮ 'ਤੇ ਨਹੀਂ ਬਲਕਿ ਪੁਰਾਣੀ ਹਿੰਦੀ ਫਿਲਮ "ਦੋ ਆਂਖੇ ਬਾਰਾਂ ਹਾਥ" ਤੇ ਆਧਾਰਤ ਹੈ।

ਇਹ ਤਾਂ ਗੱਲ ਹੋਈ ਅੰਗਰੇਜ਼ੀ ਫਿਲਮਾਂ ਤੋਂ ਬਣੀਆਂ ਭਾਰਤੀ ਫਿਲਮਾਂ ਦੀ ਸਾਡੇ ਪ੍ਰੋਡਿਊਸਰਾਂ ਤੇ ਡਾਇਰੈਕਟਰਾਂ ਨੇ ਪਾਕਿਸਤਾਨੀ ਉਰਦੂ ਤੇ ਪੰਜਾਬੀ ਫਿਲਮਾਂ ਨੂੰ ਵੀ ਵਾਹਵਾ "ਖੁੱਲਦਿਲੀ" ਨਾਲ "ਵਰਤਣਾ" ਅਰੰਭਿਆ ਹੋਇਆ ਹੈ। ਇਕ ਲੰਮਾ ਸਮਾਂ ਪਾਕਿਸਤਾਨੀ ਫਿਲਮ ਸਨਅਤ ਉਪਰ ਦੋਸ਼ ਲਗਦਾ ਰਿਹਾ ਕਿ ਉਥੇ ਦੇ ਪ੍ਰੋਡਿਊਸਰ ਭਾਰਤੀ ਫਿਲਮਾਂ ਦੀ ਬਹੁਤ ਨਕਲ ਮਾਰਦੇ ਹਨ ਪਰ ਹੁਣੇ ਭਾਰਤ ਦੇ ਫਿਲਮਕਾਰਾਂ ਨੇ ਵੀ ਉਨ੍ਹਾਂ ਦੀਆਂ ਫਿਲਮਾਂ ਦੀ ਨਕਲ ਮਾਰ ਕੇ ਗੇਮ ਬਰਾਬਰ ਕਰ ਦਿੱਤੀ ਹੈ। ਇਹ ਮੈਚ ਅਜੇ ਜਾਰੀ ਹੈ। ਰਾਜ ਕੁਮਾਰ ਕੋਹਲੀ ਨੇ ਹਿੰਦੀ ਫਿਲਮ "ਜੀਨੇ ਨਹੀਂ ਦੂੰਗਾ" ਪਾਕਿਸਤਾਨੀ ਫਿਲਮ "ਮੌਲਾ ਜੱਟ" ਦੀ ਫਰੇਮ-ਦਰ-ਦਰੇਮ ਰੱਜ ਕੇ ਨਕਲ ਮਾਰੀ। "ਮੌਲਾ ਜੱਟ" 'ਚ ਸੁਲਤਾਨ ਰਾਹ ਤੇ ਮੁਸਤਫਾ ਕੁਰੈਸ਼ੀ ਦਾ ਰੋਲ "ਜੀਨੇ ਨਹੀਂ ਦੂੰਗਾ" ਵਿਚ ਇਨਬਿਨ ਧਰਮਿੰਦਰ ਤੇ ਸ਼ਤਰੂਘਨ ਸਿਨਹਾ ਤੋਂ ਕਰਵਾਇਆ ਗਿਆ। ਪਾਕਿਸਤਾਨੀ ਮਰਹੂਮ ਡਾਇਰੈਕਟਰ ਹਸਨ ਤਾਰਿਕ ਦੀ "ਸੰਗਦਿਲ" ਨੂੰ ਭਾਰਤ ਵਿਚ "ਝੂਠਾ ਸੱਚ" ਬਣਾ ਕੇ ਪੇਸ਼ ਕੀਤਾ ਗਿਆ। ਇਥੋਂ ਤਕ ਕਿ ਸਿਚੂਏਸ਼ਨ ਬਦਲਣ ਦੀ ਵੀ ਲੋੜ ਨਹੀਂ ਸਮਝੀ। ਸਿਰਫ ਗੀਤ ਅਤੇ ਟਾਈਟਲ ਬਦਲੇ। ਪਾਕਿਸਤਾਨੀ ਫਿਲਮ "ਨੌਕਰ ਬੀਵੀ ਕਾ" ਦੀ ਸੌ ਪ੍ਰਤੀਸ਼ਤ ਨਕਲ ਮਾਰ ਕੇ ਭਾਰਤ 'ਚ ਫਿਲਮ ਬਣਾਈ ਗਈ "ਨੌਕਰ ਵਹੁਟੀ ਦਾ"। ਰਾਜੇਸ਼ ਖੰਨਾ ਦੀ "ਅਲੱਗ ਅਲੱਗ" ਬਿਨਾਂ ਸ਼ੱਕ ਪਾਕਿਸਤਾਨੀ ਫਿਲਮ "ਮੇਹਰਬਾਨੀ" ਦੀ ਕਾਪੀ ਹੈ। ਉਧਰ ਮੁਹੰਮਦ ਅਲੀ, ਨਦੀਮ ਤੇ ਬਾਬਰਾ ਸ਼ਰੀਫ ਨੇ ਜੋ ਰੋਲ "ਮੇਹਰਬਾਨੀ 'ਚ ਨਿਭਾਇਆ ਉਹੀਓ ਭੂਮਿਕਾਵਾਂ "ਅਲੱਗ ਅਲੱਗ" ਵਿਚ ਸ਼ਸ਼ੀ ਕਪੂਰ, ਰਾਜੇਸ਼ ਖੰਨਾ ਤੇ ਟੀਨਾ ਮੁਨੀਮ ਦੇ ਹਿੱਸੇ ਆਈਆਂ। ਇੰਜ ਹੀ ਪਾਕਿਸਤਾਨੀ ਫਿਲਮ "ਪਿਆਰ ਝੁਕਤਾ ਨਹੀਂ" ਬਣਾਈ ਗਈ।

ਇਹਨੀਂ ਦਿਨੀਂ ਪਾਕਿਸਤਾਨੀ ਫਿਲਮਾਂ ਹਥਿਆਰ, ਕਾਲੀਆ, ਭੋਲਾ ਸੱਜਣ ਤੇ ਅਨੋਖਾ ਦਾਜ ਦੀਆਂ ਵੀਡੀਓ ਕੈਸਟਾਂ ਨੂੰ ਭਾਰਤੀ ਪ੍ਰੋਡਿਊਸਰ ਤੇ ਡਾਇਰੈਕਟਰ "ਧਿਆਨ ਨਾਲ" ਅਤੇ ਵਾਰ ਵਾਰ ਦੇਖ ਰਹੇ ਹਨ। ਅਸੀਂ ਉਤਸੁਕਤਾ ਨਾਲ ਉਡੀਕ ਕਰ ਰਹੇ ਹਾਂ ਕਿ ਕਿਹੜਾ ਕਿਹੜਾ ਭਾਰਤੀ ਫਿਲਮਕਾਰ ਇਸ ਮਾਮਲੇ 'ਚ ਬਾਜ਼ੀ ਮਾਰੇਗਾ ਤੇ ਵੱਧ ਸਰਾਂ ਬਣਾਏਗਾ।



ਧਰਮਿੰਦਰ ਤੇ ਅਨੀਤਾ ਰਾਜ ਫਿਲਮ "ਨੌਕਰ ਬੀਵੀ ਕਾ" ਵਿਚ।


**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER
NORTH AMERICAN LIFE

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

INSURANCE FOR
- Personal
- Children
- Mortgage
- RRSP
- Group Insuranc & Annuities

NORTH AMERICAN LIFE
ASSURANCE CO.

# 320 - 815 W. HASTINGS ST.
VANCOUVER, B.C.

CONTACT
Bus: 685-9335
Res: 581-4473



DARSHAN GILL

## ਆਰਤੀ ਗੁਪਤਾ ਨੂੰ ਗਾਡ ਫਾਦਰ ਦੀ ਭਾਲ



ਅਭਿਨੇਤਰੀ ਆਰਤੀ ਗੁਪਤਾ ਨੂੰ ਫਿਲਮੀ ਖੇਤਰ 'ਚ ਵਿਚਰਦਿਆਂ ਸਾਲਾਂ ਦੇ ਸਾਲ ਬੀਤ ਗਏ ਪਰ ਅਜੇ ਤਕ ਉਹਦਾ ਕਿਧਰੇ ਵੀ ਚੰਗੀ ਤਰ੍ਹਾਂ ਨਹੁੰ ਨਹੀਂ ਅੜ ਸਕਿਆ। ਕੋਈ ਕੁੜੀ ਜਦ ਅਭਿਨੇਤਰੀ ਬਣਨ ਦਾ ਸੁਪਨਾ ਲੈਂਦੀ ਹੈ ਤਾਂ ਉਸ ਦੀਆਂ ਮੁਢਲੀਆਂ ਵਿਸ਼ੇਸ਼ਤਾਈਆਂ ਵਿਚ ਸੁੰਦਜ ਹੋਣਾ ਲਾਜ਼ਮੀ ਸਮਝਿਆ ਜਾਂਦਾ ਹੈ, ਕਲਾਕਾਰੀ ਤਾਂ ਬਾਅਦ ਦੀ ਗੱਲ ਹੈ। ਆਰਤੀ ਗੁਪਤਾ ਨੇ ਜਦੋਂ ਇਸ ਗਲੈਮਰ ਦੀ ਦੁਨੀਆਂ ਵਿਚ ਪੈਰ ਪਾਉਣ ਦੀ ਸੋਚੀ ਤਾਂ ਪਹਿਲਾਂ ਸ਼ੀਸ਼ੇ ਅੱਗੇ ਖੜ੍ਹੇ ਹੋ ਕੇ ਆਪਣੇ ਆਪ ਨਾਲ ਗੱਲਾਂ ਕੀਤੀਆਂ। ਇਕ ਇਕ ਅੰਗ ਨੂੰ ਸਵਾਲ ਕੀਤਾ ਤੇ ਜਵਾਬ ਮੰਗਿਆ। ਰੰਗ ਗੋਰਾ ਨਿਛੋਹ, ਮਿਠੀਆਂ ਅੱਖਾਂ, ਪਤਲੇ ਬੁੱਲ੍ਹ, ਅਨਾਰ ਦੇ ਦਾਣਿਆਂ ਨੂੰ ਚਮਕਦੇ ਦੰਦ, ਪਤਲਾ ਤੇ ਫੁਰਤੀਲਾ ਜਿਸਮ, ਆਂਡੇ-ਆਕਾਰ ਦੀ ਗੋਲ ਮੂੰਹ। ਗੱਲ ਕੀ ਆਰਤੀ ਗੁਪਤਾ ਨੂੰ ਖੁਦ 'ਤੇ ਵਿਸ਼ਵਾਸ਼ ਹੋ ਗਿਆ ਕਿ ਸਟਾਰ ਬਣ ਚੁੱਕੀਆਂ ਕਈ ਐਕਟਰੈਸਾਂ ਨਾਲੋਂ ਉਹ ਵੱਧ ਸੁੰਦਰ ਹੈ।

ਦਰਜਨਾਂ ਐਕਟਰੈਸਾਂ ਨੂੰ ਐਕਟਿੰਗ ਦੀ ਟਰੇਨਿੰਗ ਦੇਣ ਵਾਲੀ ਆਸ਼ਾ ਚੰਦਰ ਨੇ ਆਰਤੀ ਗੁਪਤਾ ਨੂੰ "ਛਿੱਲ ਤਰਾਸ਼" ਕੇ ਪ੍ਰੋਡਿਊਸਰਾਂ, ਡਾਇਰੈਕਟਰਾਂ ਦੀ ਨਜ਼ਰ ਅੱਗੋਂ ਲੰਘਾਇਆ। ਜਦੋਂ ਪ੍ਰਕਾਸ਼ ਮਹਿਰਾ, ਰਾਜ ਤਿਲਕ ਅਤੇ ਸ਼ਕਤੀ ਸਾਮੰਤ ਵਰਗੇ ਧਨੰਤਰ ਫਿਲਮਕਾਰਾਂ ਨੇ ਆਰਤੀ ਗੁਪਤਾ ਨੂੰ ਆਪਣੀਆਂ ਫਿਲਮਾਂ ਵਿਚ ਲੈ ਲਿਆ ਤਾਂ ਚਾਰੇ ਪਾਸੇ ਚਰਚਾ ਛਿੜੀ ਕਿ "ਇਕ ਹੋਰ ਪ੍ਰਤਿਭਾਸ਼ਾਲੀ ਅਭਿਨੇਤਰੀ ਲੋਕਾਂ ਦੇ ਦਿਲਾਂ ਵਿਚ ਥਾਂ ਬਣਾਉਣ ਆ ਰਹੀ ਹੈ...।" ਪਰ ਮੁਕੱਦਰ ਨੇ ਸਾਥ ਨਾ ਦਿੱਤਾ। "ਆਮਨੇ ਸਾਮਨੇ" ਫਿਲਮ ਰੀਲੀਜ਼ ਹੋਈ ਜੋ ਚਾਰ ਦਿਨਾਂ ਤੱਕ ਸਿਨੇਮਾ-ਘਰਾਂ ਨੂੰ ਚਲਾਉਣੀ ਮੁਸ਼ਕਲ ਹੋ ਗਈ। "ਬਹੁਤ ਦੇਰ ਕਰ ਦੀ" ਫਿਲਮ ਵਿਚਲੇ ਆਰਤੀ ਗੁਪਤਾ ਦੇ ਰੋਲ ਦੀਆਂ, ਰਸ਼-ਪ੍ਰਿੰਟ ਦੇਖਣ ਪਿਛੋਂ ਕਈ ਸਣਕੀ-ਸੁਭਾਅ ਦੇ ਫਿਲਮੀ ਬੰਦੇ ਵੀ ਸਿਫਤਾਂ ਕਰਨ ਲੱਗੇ, ਪਰ ਬਦਕਿਸਮਤੀ ਇਹ ਸੀ ਕਿ ਪ੍ਰੋਡਿਊਸਰ ਤੇ ਡਾਇਰੈਕਟਰ ਦੇ ਆਪਸੀ ਝਗੜੇ ਕਾਰਨ ਇਹ ਫਿਲਮ "ਸੈਂਡਵਿਚ" ਬਣ ਕੇ ਰਹਿ ਗਈ। ਪ੍ਰਕਾਸ਼ ਮਹਿਰਾ ਨੇ ਆਰਤੀ ਗੁਪਤਾ ਨੂੰ ਹੀਰੋਇਨ ਤੇ ਦੀਪਕ ਪ੍ਰਸ਼ਾਰ ਨੂੰ ਬਤੌਰ ਹੀਰੋ ਲੈ ਕੇ ਇਕ ਫਿਲਮ ਆਰੰਭੀ ਸੀ। ਪਤਾ ਨਹੀਂ ਕੀ ਹੋਇਆ ਕਿ ਇਹ ਫਿਲਮ ਅਧੂਰੀ ਹੀ ਰਹਿ ਗਈ ਤੇ ਨਾਲ ਹੀ ਆਰਤੀ ਗੁਪਤਾ "ਜੈਸੇ ਥੇ" ਦੀ ਸਥਿਤੀ ਵਿਚ ਆ ਗਈ ਹੈ।

ਫਿਰ ਲੰਮਾ ਅਰਸਾ ਆਰਤੀ ਗੁਪਤਾ ਤਣਾਓ ਤੇ ਗੁੰਮਨਾਮੀ ਦੇ ਹਨੇਰੇ 'ਚ ਗੁਆਚੀ ਰਹੀ।

ਉਹ ਅੱਕ ਕੇ ਫੀਲਡ ਛੱਡਣ ਦਾ ਫੈਸਲਾ ਕਰਨ ਹੀ ਵਾਲੀ ਸੀ ਕਿ ਇਕ ਜਾਸੂਸੀ ਫਿਲਮ "ਪੁਰਾਣਾ ਮੰਦਿਰ" ਵਿਚ ਮੁਖ ਭੂਮਿਕਾ ਦੀ ਉਸ ਨੂੰ ਪੇਸ਼ਕਸ਼ ਹੋਈ ਹਾਲਾਂ ਕਿ ਆਰਤੀ ਨੂੰ ਪਤਾ ਸੀ ਜਾਸੂਸੀ ਫਿਲਮ ਨਾਲ ਹੀਰੋਇਨ ਦੇ ਕੈਰੀਅਰ ਨੂੰ ਆਮ ਤੌਰ 'ਤੇ ਕੋਈ ਫਾਇਦਾ ਨਹੀਂ ਹੁੰਦਾ, ਫਿਰ ਵੀ "ਇਕ ਕੋਸ਼ਿਸ਼ ਹੋਰ" ਦੇ ਖਿਆਲ ਨਾਲ ਉਸ ਨੇ "ਹਾਂ" ਕਰ ਦਿਤੀ। ਖੈਰ ਫਿਲਮ ਟਿਕਟ-ਖਿੜਕੀ 'ਤੇ ਸਫਲਤਾ ਲੈ ਗਈ ਪਰ ਉਹੀ ਗੱਲ ਕਿ ਆਰਤੀ ਗੁਪਤਾ ਨੂੰ ਕੋਈ ਖਾਸ ਕੰਮ ਨਾ ਮਿਲ ਸਕਿਆ। ਇਸ ਤੋਂ ਬਾਅਦ ਆਰਤੀ ਗੁਪਤਾ ਨੂੰ ਕਈ ਛੋਟੇ-ਮੋਟੇ ਰੋਲ ਕਰਕੇ ਦਿਲ ਨੂੰ ਸਮਝਾਉਣਾ ਪਿਆ। ਉਂਝ ਅਜੇ ਉਹਨੇ ਵੀ ਦਰਜਨਾਂ ਸੰਘਰਸ਼ਸ਼ੀਲ ਐਕਟਰਾਂ ਅਤੇ ਐਕਟਰੈਸਾਂ ਵਾਂਗ ਹੌਂਸਲਾ ਨਹੀਂ ਹਾਰਿਆ ਬਲਕਿ "ਗਾਡ ਫਾਦਰ" ਦੀ ਭਾਲ ਵਿਚ ਹੈ। ਆਰਤੀ ਗੁਪਤਾ ਨੂੰ ਵਿਸ਼ਵਾਸ਼ ਹੈ ਕਿ ਇਕ ਨਾ ਇਕ ਦਿਨ ਪਹਿਲੀ ਕਤਾਰ ਦੀਆਂ ਐਕਟਰੈਸਾਂ ਵਿਚ ਖਲੋਤੀ ਹੋਈ ਦੂਰੋਂ ਨਜ਼ਰ ਆਵੇਗੀ। ਅਜੇ ਉਹ ਆਸਾਂ ਦੇ ਸਹਾਰੇ ਜੀਅ ਰਹੀ ਹੈ।


## ਪਿੱਕਰਾਂ ਦੀ ਲੋੜ

ਸਾਨੂੰ ਪਿੱਕਰਾਂ ਦੀ ਲੋੜ ਹੈ। ਸਾਡੇ ਫਾਰਮ ਵਿਚ ਰਸ ਬੇਰੀ, ਸਟਰਾਅ ਬੇਰੀ, ਗੋਭੀ, ਬਰੌਕਲੀ ਅਤੇ ਸਪੋਰਟਾਂ ਦਾ ਕੰਮ ਹੁੰਦਾ ਹੈ। ਕੰਮ ਪੂਰਾ ਸੀਜ਼ਨ ਚਲੇਗਾ। ਸਟੈਂਪਾਂ ਵੀ ਬਣਾਈਆਂ ਜਾਣਗੀਆਂ। ਰੇਟ ਵਾਜਬ ਦਿਤਾ ਜਾਵੇਗਾ। ਕੰਮ ਹੁਣ ਤੋਂ ਹੀ ਸ਼ੁਰੂ ਹੈ। ਪਿੱਕਰਾਂ ਦੇ ਰਹਿਣ ਲਈ ਨਵੀਆਂ ਵਧੀਆ ਕੈਬਨਾਂ ਦਾ ਵੀ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :—

ਗੁਰਮੀਤ ਸਿੰਘ
ਫ਼ੋਨ : 856-7555
853-9319


## ਅਮਰੀਕੀ ਚਰਚ ਨਿਕਾਰਗੋਆ ਦੀ ਮਦਦ ਕਰਨਗੇ

ਵਾਸ਼ਿੰਗਟਨ — ਅਮਰੀਕਾ ਵਿਚ ਈਸਾਈ ਮਤ ਦੇ ਚਰਚਾਂ ਦੀ ਇਕ ਸਾਂਝੀ ਜਥੇਬੰਦੀ ਨੇ ਇਹ ਬਿਆਨ ਦਿਤਾ ਹੈ ਕਿ ਜੇ ਅਮਰੀਕੀ ਸਰਕਾਰ ਨਿਕਾਰਗੋਆ ਦੇ ਮੁੱਠੀਭਰ ਬਗਾਵਤੀ ਜਿਹਨਾਂ ਨੂੰ ਕਿ 'ਕੌਂਟਰਾਜ' ਕਿਹਾ ਜਾਂਦਾ ਹੈ, ਨੂੰ 100 ਮਿਲੀਅਨ ਡਾਲਰ ਦੀ ਮਦਦ ਦੇਵੇਗੀ ਤਾਂ ਅਸੀਂ ਲੋਕਾਂ ਦੁਆਰਾ ਮੁਹਿੰਮ ਚਲਾਕੇ ਏਨਾ ਹੀ ਪੈਸਾ ਇਕੱਠਾ ਕਰਕੇ ਨਿਕਾਰਗੋਆ ਦੀ ਮੌਜੂਦਾ ਲੋਕ ਸਰਕਾਰ ਨੂੰ ਮਾਨਵਵਾਦੀ ਕੰਮਾਂ ਲਈ ਦੇਵਾਂਗੇ।

ਜਥੇਬੰਦੀ ਦੇ ਲੀਡਰ ਪਾਦਰੀ ਵਿਲੀਅਮ ਕੈਲਾਹਨ ਨੇ ਕਿਹਾ ਕਿ "ਅਮਰੀਕਾ ਦੀ ਹਿੰਸਾ ਵਾਲੀ ਨੀਤੀ ਗੈਰ ਕਾਨੂੰਨੀ ਤੇ ਸਦਾਚਾਰਕ ਪਖੋਂ ਗਲਤ ਹੈ" ਉਹਨਾਂ ਕਿਹਾ ਕਿ ਅਸੀਂ ਫੰਡ ਇਕੱਠਾ ਕਰਨਾ ਸ਼ੁਰੂ ਕਰ ਦਿਤਾ ਹੈ ਜੋ ਅਮਨ ਲਈ ਜ਼ਰੂਰੀ ਹੈ ਹੁਣ ਤੱਕ 20 ਮਿਲੀਅਨ ਡਾਲਰ ਇਕੱਠਾ ਹੋ ਚੁਕਿਆ ਹੈ। ਯਾਦ ਰਹੇ ਕਿ ਅਮਰੀਕੀ ਪ੍ਰਧਾਨ ਇਹ 100 ਮਿਲੀਅਨ ਡਾਲਰ ਨਿਕਾਰਗੋਆ ਦੀ ਸਰਕਾਰ ਨੂੰ ਡੇਗਣ ਲਈ ਭੰਨ ਤੋੜ ਦੀਆਂ ਕਾਰਵਾਈਆਂ ਕਰਵਾਉਣ ਲਈ ਅਤੇ ਮੁੜ 'ਸਮੋਜਾ' ਦੀ ਡਿਕਟੇਟਰਸ਼ਿਪ ਲਿਆਉਣ ਲਈ ਮੰਗ ਰਿਹਾ ਹੈ।

ਕਿਸ ਤੇ ਹੈ ਮਾਣ ਬਾਕੀ ਹੁਣ ਦਰਦਮੰਦ ਕਿਹੜਾ,
ਜਿਸ ਨੂੰ ਸੁਣਾ ਰਿਹਾਂ ਏਂ ਹੁਣ ਹਾਲ ਤੂੰ ਮੁਰੀਦਾ!
ਨਜ਼ਰਾਂ 'ਚ ਨਸ਼ਤਰਾਂ ਨੇ ਸੋਚਾਂ 'ਚ ਸਾਜ਼ਸ਼ਾਂ ਨੇ,
ਰਾਹੀਂ ਬਰੂਦ ਵਿੱਛੇ ਹੱਥਾਂ 'ਚ ਹੈ ਪਲੀਦਾ।


## ਕੰਨਿਆ ਦੀ ਲੋੜ

ਇਕ 32 ਸਾਲਾ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕਾ ਕੰਮ ਤੇ ਲੱਗਾ ਹੋਇਆ ਹੈ ਤੇ 16 ਡਾਲਰ ਘੰਟੇ ਦੇ ਲੈਂਦਾ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ ਤੇ ਜੱਟ ਸਿੱਖ ਪਰਵਾਰ ਨਾਲ ਸਬੰਧਤ ਹੈ। ਤੇ ਕਲੀਨ-ਸ਼ੇਵਨ ਹੈ। ਲੜਕੀ ਇਮੀਗਰੇਂਟ ਜਾਂ ਸਿਟੀਜ਼ਨ ਹੋਵੇ। ਲੜਕਾ ਤਲਾਕਸ਼ੁਦਾ ਹੈ। ਹੋਰ ਜਾਣਕਾਰੀ ਲਈ ਲਿਖੋ

J.S.P.
C/o Canada Darpan
P.O.BOX 67344 Stn. 0
Vancouver, B.C.

## ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

## ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।

ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸੰਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

## ਵਰ ਦੀ ਲੋੜ

ਇਕ 21 ਸਾਲਾ ਲੜਕੀ ਲਈ ਕੰਮ ਤੇ ਲੱਗੇ ਹੋਏ ਲੜਕੇ ਦੀ ਲੋੜ ਹੈ। ਲੜਕੀ ਕੰਮ ਕਰਦੀ ਹੈ ਅਤੇ ਇੰਡੀਆਂ ਦੀਆਂ ਦਸ ਜਮਾਤਾਂ ਪਾਸ ਹੈ ਅਤੇ ਕੈਨੇਡਾ ਆ ਕੇ ਵੀ 2-3 ਸਾਲ ਪੜ੍ਹਾਈ ਨੂੰ ਲਾਏ ਹਨ। ਹੋਰ ਜਾਣਕਾਰੀ ਫੋਨ ਤੇ ਜਾਂ ਚਿੱਠੀ ਪੱਤਰ ਕਰਕੇ ਪਤਾ ਕਰ ਸਕਦੇ ਹੋ।

K.S.
C/o Canada Darpan
P.O.BOX 67344 Stn. 0
Vancouver, B.C. V5W 3T1

## ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Çanadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ। ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1



ਇਨਕਲਾਬੀ ਸ਼ਹੀਦਾਂ ਨੂੰ ਸ਼ਰਧਾਂਜਲੀ
ਇਪਾਨਾ ਵੱਲੋਂ

## ਸਭਿਆਚਾਰਕ ਪ੍ਰੋਗਰਾਮ

ਨਿਊਵੈਸਟ ਤੋਂ ਬਾਅਦ ਕਲੀਅਰਬਰੁੱਕ ਵਿਚ ਇਪਾਨਾ ਵਲੋਂ
ਦੋ ਡਰਾਮੇ ਖੇਡੇ ਜਾਣਗੇ

20 ਅਪ੍ਰੈਲ, '86 — ਦਿਨ ਐਤਵਾਰ ਬਾਅਦ ਦੁਪਹਿਰ 3 ਵਜੇ
ਕਲੀਅਰਬਰੁੱਕ ਕਮਿਊਨਿਟੀ ਸੈਂਟਰ
2825 ਕਲੀਅਰਬਰੁੱਕ ਰੋਡ

"ਬਗਾਨੇ ਬੋਹੜ ਦੀ ਛਾਂ" —
ਲੇਖਕ ਅਜਮੇਰ ਔਲਖ
ਇਹ ਮਸ਼ਹੂਰ ਡਰਾਮਾ ਭਾਰਤ ਵਿਚ ਜਗ੍ਹਾ ਜਗ੍ਹਾ ਖੇਡਿਆ ਜਾ ਚੁਕਾ ਹੈ।

ਟਿਕਟਾਂ ਕਰਤਾਰ ਫੂਡਜ਼ — ਕਲੀਅਰਬਰੁੱਕ ਅਮਰ ਫੂਡਜ਼ ਤੋਂ ਮਿਲ ਸਕਦੀਆਂ ਹਨ
Peardonville Grocery Store - Aldergrove & Hintingdon Rd. ਤੋਂ ਵੀ ਮਿਲ ਸਕਦੀਆਂ ਹਨ

ਡਰਾਮਿਆਂ ਤੋਂ ਇਲਾਵਾ ਗੀਤ-ਸੰਗੀਤ ਦਾ ਰੰਗਾਰੰਗ ਪਰੋਗਰਾਮ ਵੀ ਹੋਵੇਗਾ।

ਟਿਕਟ : ਸਿਰਫ 4 ਡਾਲਰ/ਸੀਟ

ਹੋਰ ਜਾਣਕਾਰੀ ਲਈ ਫੋਨ ਕਰੋ : ਐਬਟਸਫੋਰਡ, ਮਿਸ਼ਨ —
ਤਰਲੋਚਨ ਬਰਾੜ — 826-2483 ਗੁਰਚਰਨ ਬਰਾੜ — 852-1092
ਦਲਜੀਤ ਗਿੱਲ — 852-3370

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ)


## ਬੇਨਜ਼ੀਰ ਭੁੱਟੋ ਉਤੇ ਕਾਤਲਾਨਾ ਹਮਲੇ ਮਗਰੋਂ ਸੁੱਰਖਿਆ ਪ੍ਰਬੰਧ ਸਖਤ

# MOGUL GARDENS

## R·E·S·T·A·U·R·A·N·T



## Biggest In The Town

### Most Affordable Restaurant In Indian Cuisine

Combination of Classical Indian Food & Good Service

Speciality Foods being baked in a charcoal clay-oven 'The Tandoor' is its perfection and flavour

Gourmet Varities include Butter Chicken, Vegetarian foods, Sea food and Meat, Curries, Nan and Paraunthe.

**Luncheon - Buffet - Weekdays**
**Brunch - Weekends**
**Dinner - Parties**

**Outdoor Catering and Take out Services**

*Free Parking After 6 p.m.*




## Mogul Gardens Restaurant

801 - Beach Ave.
Vancouver, B.C.
Ph. 684-5886